ਬਾਰੀ

ਮੈਗਜ਼ੀਨ

ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ

ਅੰਕ 9

ਨਵੰਬਰ 2025

ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ)

ਸੰਪਾਦਕ
ਰਸ਼ਪਿੰਦਰ ਕੌਰ ਗਿੱਲ

ਅੰਕ 9 ਨਵੰਬਰ 2025

ਮੈਗਜ਼ੀਨ

ਬਾਗ਼ੀ

ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ)

ਸੰਪਾਦਕ-ਰਸ਼ਪਿੰਦਰ ਕੌਰ ਗਿੱਲ

ਫ਼ੌਜ ਦੀ ਰਾਏ ਤੋਂ ਬਗੈਰ ਹੁਕਮਰਾਨਾਂ ਦਾ ਕੀਤਾ ਗਿਆ ਕੋਈ ਵੀ ਫੈਂਸਲਾ ਚੰਗੇ ਨਤੀਜੇ ਨਹੀਂ ਕੱਢ ਸਕਦਾ: ਮਾਨ

ਫ਼ਤਹਿਗੜ੍ਹ ਸਾਹਿਬ, 03 ਨਵੰਬਰ 2025- "ਇੰਡੀਆ ਦੇ ਹੁਕਮਰਾਨਾਂ ਵੱਲੋਂ ਕੀਤਾ ਗਿਆ ਆਪ੍ਰੇਸ਼ਨ ਸਿੰਧੂਰ ਫ਼ੌਜ ਤੇ ਫ਼ੌਜੀ ਅਫਸਰਾਂ ਦੀ ਰਾਏ-ਮਸ਼ਵਰੇ ਤੋਂ ਬਗੈਰ ਆਪਣੀ ਹਊਮੈ ਨੂੰ ਪੱਠੇ ਪਾਉਣ ਹਿੱਤ ਹੀ ਕੀਤਾ ਗਿਆ। ਜਦੋਂ ਕਿ ਉਸ ਲਈ ਫ਼ੌਜੀ ਅਫਸਰਾਂ ਨਾਲ ਲੰਮੀ ਰਾਏ-ਮਸ਼ਵਰਾ ਕਰਨ ਤੋਂ ਬਗੈਰ ਅਜਿਹਾ ਕੀਤਾ ਗਿਆ। ਕੋਈ ਵੀ ਐਕਸ਼ਨ ਮੁਲਕ ਨਿਵਾਸੀਆਂ ਲਈ ਕਦੀ ਵੀ ਲਾਹੇਵੰਦ ਨਤੀਜੇ ਨਹੀਂ ਕੱਢ ਸਕਦਾ ਅਤੇ ਨਾ ਹੀ ਫ਼ੌਜ ਤੇ ਹੁਕਮਰਾਨਾਂ ਦਾ ਤਾਲਮੇਲ ਸਹੀ ਬੈਠ ਸਕੇਗਾ। ਕਿਉਂਕਿ ਜਦੋਂ ਅਸੀਂ ਆਪਣੀ ਪਾਰਟੀ ਦੇ ਅਹੁੱਦੇਦਾਰਾਂ ਸਮੇਤ ਸਰਹੱਦੀ ਇਲਾਕਿਆਂ ਦਾ ਦੌਰਾ ਕੀਤਾ ਤਾਂ ਵੱਡੀ ਗਿਣਤੀ ਵਿਚ ਇਹ ਗੱਲ ਸਾਹਮਣੇ ਆਈ ਕਿ ਫ਼ੌਜੀ ਬੰਕਰ ਸਰਹੱਦ ਉੱਤੇ ਕੂੜੇ-ਕਰਕਟ, ਬੂਟੀਆਂ, ਖਤਰਨਾਕ ਸੱਪਾਂ, ਬਿੱਛੂਆ, ਕਿਰਲੀਆਂ ਆਦਿ ਨਾਲ ਭਰੇ ਪਏ ਸਨ ਅਤੇ ਲੰਮੇ ਸਮੇਂ ਤੋਂ ਇਨ੍ਹਾਂ ਬੰਕਰਾਂ ਦੀ ਕੋਈ ਸਾਫ-ਸਫਾਈ ਨਾ ਹੋਣਾ ਫ਼ੌਜ ਅਤੇ ਹੁਕਮਰਾਨਾਂ ਦੀ ਵੱਡੀ ਗੈਰ ਜਿੰਮੇਵਰਾਨਾ ਸੋਚ ਨੂੰ ਪ੍ਰਤੱਖ ਕਰਦੀ ਹੈ। ਇਹ ਤਾਂ ਇਕ ਚੰਗਾਂ ਪੱਖ ਇਹ ਹੋਇਆ ਕਿ ਦੁਸ਼ਮਣ ਤਾਕਤ ਦੀ ਖੁਫੀਆ ਏਜੰਸੀ ਕੋਲ ਸਰਹੱਦੀ ਬੰਕਰਾਂ ਦੀ ਖਤਰਨਾਕ ਸਥਿਤੀ ਦੀ ਜਾਣਕਾਰੀ ਨਹੀਂ ਸੀ, ਵਰਨਾ ਜੇਕਰ ਉਨ੍ਹਾਂ ਨੂੰ ਇਹ ਜਾਣਕਾਰੀ ਮਿਲ ਜਾਂਦੀ ਤਾਂ ਆਪ੍ਰੇਸ਼ਨ ਸਿੰਧੂਰ ਸਮੇਂ ਬਿਆਸ ਦੇ ਉੱਪਰ ਵਾਲਾ ਇਲਾਕਾ ਜਿਸ ਵਿੱਚ ਗੁਰਦਾਸਪੁਰ, ਪਠਾਨਕੋਟ, ਅੰਮ੍ਰਿਤਸਰ, ਜੰਮੂ-ਕਸ਼ਮੀਰ ਆਉਂਦੇ ਹਨ ਉਹ ਸਭ ਦੁਸ਼ਮਣ ਫ਼ੌਜ ਦੀ ਲਪੇਟ ਵਿੱਚ ਆ ਜਾਣਾ ਸੀ ਅਤੇ ਇੱਥੇ ਬਹੁਤ ਨੁਕਸਾਨ ਹੋਣਾ ਸੀ।" ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਬੀਤੇ ਕੁਝ ਦਿਨ ਪਹਿਲੇ ਪਾਕਿਸਤਾਨ ਨਾਲ ਲੱਗਦੇ ਸਰਹੱਦੀ ਜ਼ਿਲ੍ਹਿਆਂ ਤੇ ਇਲਾਕਿਆ ਦਾ ਦੌਰਾ ਕਰਨ ਉਪਰੰਤ ਉੱਥੋਂ ਦੇ ਫ਼ੌਜੀ ਬੰਕਰਾਂ ਦੀ ਉਪਰੋਕਤ ਬਣੀ ਅਤਿ ਚਿੰਤਾਜਨਕ ਹਾਲਤ ਉਪਰੰਤ ਹੁਕਮਰਾਨਾਂ, ਫ਼ੌਜ ਨੂੰ ਅਜਿਹੇ ਸਮਿਆ ਤੇ ਸੁਚੇਤ ਰਹਿਣ ਅਤੇ ਬੂਟੀਆਂ, ਸੱਪਾਂ, ਬਿੱਛੂਆ ਨਾਲ ਭਰੇ ਪਏ ਬੰਕਰਾਂ ਦੀ ਤੁਰੰਤ ਬੀ.ਐਸ.ਐਫ ਫ਼ੌਜ ਵੱਲੋਂ ਸਫਾਈ ਕਰਨ ਦੀ ਗੱਲ ਕਰਦੇ ਹੋਏ ਜਾਂ ਫਿਰ ਇਨ੍ਹਾਂ ਨੂੰ ਮਨਰੇਗਾ ਦੇ ਵਰਕਰਾਂ ਵੱਲੋਂ ਸਫਾਈ ਕਰਵਾਉਣ ਦੀ ਗੱਲ ਕਰਦੇ ਹੋਏ ਪ੍ਰਗਟ ਕੀਤੇ। ਉਨ੍ਹਾਂ ਇਸ ਵਿਸ਼ੇ ਉੱਤੇ ਇੰਡੀਆ ਦੇ ਵਜੀਰ-ਏ-ਆਜਮ ਨੂੰ ਜਨਤਾ ਦੀ ਕਚਹਿਰੀ ਵਿੱਚ ਖੜ੍ਹਾ ਕਰਦੇ ਹੋਏ ਕਿਹਾ ਕਿ ਸਰਹੱਦਾਂ ਤੇ ਅਜਿਹੀ ਸਥਿਤੀ ਪੈਦਾ ਹੋਣ ਲਈ ਉਨ੍ਹਾਂ ਦੀ ਕੀ ਜਿੰਮੇਵਾਰੀ ਹੈ। ਉਸ ਸੰਬੰਧੀ ਇੰਡੀਆਂ ਦੇ ਨਿਵਾਸੀਆਂ ਨੂੰ ਜਿੱਥੇ ਉਹ ਸਪੱਸ਼ਟ ਕਰਨ, ਕੀ ਵਜੀਰ-ਏ-ਆਜਮ ਦੀ ਇਨ੍ਹਾਂ ਸਰਹੱਦਾਂ ਦੇ ਨਾਲ ਲੱਗਦੇ ਪੰਜਾਬ ਸੂਬੇ ਅਤੇ ਸਿੱਖਾਂ ਦੀਆਂ ਜਿੰਦਗਾਨੀਆਂ ਦੀ ਸੁਰੱਖਿਆ ਲਈ ਉਹ ਕੀ ਕਰ ਰਹੇ ਹਨ ਅਤੇ ਸਿੱਖਾਂ ਨੂੰ ਅਜੇ ਤੱਕ ਉਹ ਇਨਸਾਫ਼ ਕਿਉਂ ਨਹੀਂ ਦਿਵਾ ਸਕੇ? ਉੱਥੇ ਵੈਸਟਨ ਕਮਾਂਡ ਦੇ ਜਰਨੈਲ ਦੀ ਵੀ ਇਹ ਜਿੰਮੇਵਾਰੀ ਬਣਦੀ ਹੈ ਕਿ ਸੁਰੱਖਿਆ ਅਤੇ ਫ਼ੌਜੀ ਤਕਨੀਕ ਨੂੰ ਲੈ ਕੇ ਇਸ ਵਿਸ਼ੇ ਉੱਤੇ ਹੁਕਮਰਾਨਾਂ ਅਤੇ ਫੌਜ ਵਿੱਚ ਬਣੇ ਅਣਸੁਖਾਵੇ ਸੰਬੰਧਾਂ ਸੰਬੰਧੀ ਜਾਣੂ ਕਰਵਾਉਣ ਦੀ ਜਿੰਮੇਵਾਰੀ ਨਿਭਾਉਣ। ਸ. ਮਾਨ ਨੇ ਇਸ ਅਤਿ ਗੰਭੀਰ ਵਿਸ਼ੇ ਉੱਤੇ ਵਿਰੋਧੀ ਪਾਰਟੀਆਂ ਕਾਂਗਰਸ, ਬੀ.ਜੇ.ਪੀ, ਬਾਦਲ ਦਲ, ਆਮ ਆਦਮੀ ਪਾਰਟੀ ਦੇ ਆਗੂਆਂ ਨੂੰ ਵੀ ਜਨਤਾ ਦੀ ਕਚਹਿਰੀ ਵਿੱਚ ਖੜ੍ਹਾ ਕਰਦੇ ਹੋਏ ਕਿਹਾ ਕਿ ਉਹ ਪੰਜਾਬੀਆਂ ਤੇ ਸਿੱਖਾਂ ਦੀ ਹਰ ਪੱਖੋਂ ਸੁਰੱਖਿਆ ਲਈ ਸਰਹੱਦਾਂ ਦੀ ਉਪਰੋਕਤ ਚਿੰਤਾਜਨਕ ਤਸਵੀਰ ਸਾਹਮਣੇ ਆਉਣ ਤੇ ਉਹ ਆਪੋ ਆਪਣੀ ਕੀ ਜਿੰਮੇਵਾਰੀ ਨਿਭਾਅ ਰਹੇ ਹਨ? ਉਨ੍ਹਾਂ ਤਰਨਤਾਰਨ ਜਿੱਥੇ ਜਿਮਨੀ ਚੋਣ ਹੋ ਰਹੀ ਹੈ, ਉਸ ਹਲਕੇ ਦੇ ਨਿਵਾਸੀਆ ਨੂੰ ਵਿਸ਼ੇਸ਼ ਤੌਰ ਤੇ ਸੰਦੇਸ਼ ਦਿੰਦੇ ਹੋਏ ਕਿਹਾ ਕਿ ਜਦੋਂ ਫ਼ੌਜ ਅਤੇ ਹੁਕਮਰਾਨਾਂ ਵਿੱਚ ਤਾਲਮੇਲ ਦੀ ਘਾਟ ਸਪੱਸ਼ਟ ਨਜ਼ਰ ਆ ਰਹੀ ਹੈ, ਸੈਂਟਰ ਅਤੇ ਪੰਜਾਬ ਦੇ ਹੁਕਮਰਾਨਾਂ ਦੀਆਂ ਪੰਜਾਬ ਸੂਬੇ ਤੇ ਪੰਜਾਬੀਆਂ ਤੇ ਸਿੱਖ ਕੌਮ ਪ੍ਰਤੀ ਜਿੰਮੇਵਾਰੀਆਂ ਵਿੱਚ ਨਿਰੰਤਰ ਵੱਡੀਆਂ ਅਣਗਹਿਲੀਆਂ ਕੀਤੀਆ ਜਾਂਦੀਆ ਆ ਰਹੀਆਂ ਹਨ ਤਾਂ ਉਹ ਇਸ ਤਰਨਤਾਰਨ ਵਿਧਾਨ ਸਭਾ ਹਲਕੇ ਦੀ ਹੋ ਰਹੀ ਵੋਟਿੰਗ ਵਿੱਚ 11 ਨਵੰਬਰ ਨੂੰ ਆਪਣੇ ਵੋਟ ਹੱਕ ਦੀ ਸਹੀ ਤੇ ਸੁਚੱਜੀ ਵਰਤੋਂ ਕਰਕੇ ਇਨ੍ਹਾਂ ਦਿਸ਼ਾਹੀਣ ਹੁਕਮਰਾਨਾਂ ਨੂੰ ਸਹੀ ਢੰਗ ਨਾਲ ਜੁਆਬ ਦੇਣ।

ਡਾ. ਉਮਰ ਅਬਦੁੱਲਾ ਜੇਕਰ ਕਸ਼ਮੀਰੀਆਂ ਦੇ ਹੱਕਾਂ ਦੀ ਰਾਖੀ ਨਾ ਕਰ ਸਕੇ ਤਾਂ ਸਾਨੂੰ ਸਿੱਖਾਂ ਨੂੰ ਕਸ਼ਮੀਰ ਆਉਣਾ ਹੀ ਪਵੇਗਾ: ਮਾਨ

ਐਚ.ਏ.ਐਲ ਕੰਪਨੀ ਵੱਲੋਂ ਪੰਜਾਬ ਵਿੱਚ ਯੂਨਿਟ ਸਥਾਪਿਤ ਕਰਨ ਦਾ ਉਸ ਸਮੇਂ ਤੱਕ ਕੋਈ ਫਾਇਦਾ ਨਹੀਂ ਜਦੋਂ ਤੱਕ ਇਨ੍ਹਾਂ ਜੈੱਟ ਇੰਜਣਾਂ ਦੇ ਇੱਥੇ ਮਾਹਰ ਹੀ ਨਹੀਂ ਹੋਣਗੇ: ਮਾਨ

ਅੰਕ 9 ਨਵੰਬਰ 2025

ਮੈਗਜ਼ੀਨ

ਬਾਗ਼ੀ

ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ)

ਸੰਪਾਦਕ-ਰਸ਼ਪਿੰਦਰ ਕੌਰ ਗਿੱਲ

ਪੰਜਾਬ ਯੂਨੀਵਰਸਿਟੀ ਦੇ ਲੰਮੇ ਸਮੇਂ ਤੋਂ ਚੱਲਦੇ ਆ ਰਹੇ ਪ੍ਰਬੰਧ ਵਿੱਚ ਸੈਨੇਟ-ਸਿੰਡੀਕੇਟ ਦੇ ਪ੍ਰਭਾਵ ਨੂੰ ਖ਼ਤਮ ਕਰਨ ਦੇ ਅਮਲ ਅਸਹਿ ਤੇ ਪੰਜਾਬ ਵਿਰੋਧੀ: ਮਾਨ

ਫ਼ਤਹਿਗੜ੍ਹ ਸਾਹਿਬ, 03 ਨਵੰਬਰ 2025- "ਜੋ ਸੈਂਟਰ ਦੀ ਫਿਰਕੂ ਮੋਦੀ ਹਕੂਮਤ ਨੇ ਬਹੁਤ ਲੰਮੇ ਸਮੇਂ ਤੋਂ ਚੰਡੀਗੜ੍ਹ ਵਿੱਚ ਚੱਲਦੀ ਆ ਰਹੀ ਪੰਜਾਬ ਯੂਨੀਵਰਸਿਟੀ ਦੇ ਵਿਦਿਅਕ ਅਦਾਰੇ ਵਿੱਚ ਸੈਨੇਟ-ਸਿੰਡੀਕੇਟ ਦੀ ਚੋਣ ਰਾਹੀਂ ਉਸਦੇ ਪ੍ਰਬੰਧ ਵਿੱਚ ਪਾਈ ਜਾਂਦੀ ਆ ਰਹੀ ਹਿੱਸੇਦਾਰੀ ਨੂੰ ਖਤਮ ਕਰਕੇ ਸੈਂਟਰ ਦੇ ਹੁਕਮਰਾਨਾਂ ਦਾ ਤਾਨਾਸ਼ਾਹੀ ਪ੍ਰਭਾਵ ਵਧਾਉਣ ਲਈ ਜੋ ਅਮਲ ਕੀਤਾ ਜਾ ਰਿਹਾ ਹੈ। ਉਹ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨੂੰ ਨੁਕਸਾਨ ਪਹੁੰਚਾਉਣ ਵਾਲੀ, ਪੰਜਾਬ ਯੂਨੀਵਰਸਿਟੀ ਦੇ ਪ੍ਰਬੰਧ ਵਿੱਚ ਪੰਜਾਬ ਵਿਰੋਧੀ ਲੋਕਾਂ ਦੇ ਪ੍ਰਭਾਵ ਨੂੰ ਵਧਾਉਣ ਦੀ ਗੈਰ ਕਾਨੂੰਨੀ ਕੀਤੀ ਜਾ ਰਹੀ ਉਸਦੇ ਭਗਵਾਕਰਨ ਕਰਨ ਦੀ ਨਾ ਸਹਿਣਯੋਗ ਕਾਰਵਾਈ ਕਰਾਰ ਦਿੰਦੇ ਹੋਏ ਅਤੇ ਇਸ ਨੂੰ ਪੰਜਾਬੀਆਂ ਤੇ ਸਿੱਖ ਕੌਮ ਨੂੰ ਕਦਾਚਿਤ ਪ੍ਰਵਾਨ ਨਾ ਕਰਨ ਦੀ ਗੱਲ ਕਰਦੇ ਹੋਏ ਸ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਪ੍ਰੈਸ ਬਿਆਨ ਵਿੱਚ ਪ੍ਰਗਟ ਕੀਤੇ।" ਉਨ੍ਹਾਂ ਕਿਹਾ ਕਿ ਪਹਿਲੇ ਹੁਕਮਰਾਨਾਂ ਨੇ ਪੰਜਾਬ ਦੇ ਦਰਿਆਵਾ, ਨਹਿਰਾਂ ਦੇ ਕੀਮਤੀ ਪਾਣੀਆ ਨੂੰ ਕੌਮਾਂਤਰੀ ਰੀਪੇਰੀਅਨ ਕਾਨੂੰਨ ਦੀ ਉਲੰਘਣਾ ਕਰਕੇ ਜ਼ਬਰ ਕੀਤਾ ਜਦੋਂ ਕਿ ਇਨ੍ਹਾਂ ਦਰਿਆਵਾਂ, ਨਹਿਰਾਂ ਤੇ ਪਾਣੀ ਉੱਤੇ ਕਾਨੂੰਨੀ ਅਧਿਕਾਰ ਪੰਜਾਬ ਦਾ ਹੈ। ਫਿਰ ਬਿਜਲੀ ਪੈਦਾ ਕਰਨ ਵਾਲੇ ਹੈੱਡਵਰਕਸਾਂ ਦੇ ਕੰਟਰੋਲ ਨੂੰ ਵੀ ਇਸੇ ਤਰ੍ਹਾਂ ਜ਼ਬਰੀ ਆਪਣੇ ਅਧੀਨ ਕਰਕੇ ਸਾਡੀ ਪੰਜਾਬ ਸੂਬੇ ਦੀ ਹਰ ਪੱਖੋਂ ਤਰੱਕੀ ਵਿੱਚ ਕੰਮ ਆਉਣ ਵਾਲੀ ਬਿਜਲੀ ਨੂੰ ਖੋਹ ਕੇ ਦੂਜੇ ਸੂਬਿਆਂ ਨੂੰ ਦਿੱਤੀ। ਫਿਰ ਜੋ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਜੋ ਪੰਜਾਬੀਆਂ ਦੀ ਮਲਕੀਅਤ ਜਮੀਨ ਨੂੰ ਉਜਾੜ ਕੇ ਬਣਾਈ ਗਈ ਸੀ ਉਸ ਤੋਂ ਵੀ ਵਿਰਵੇ ਕਰਨ ਦੇ ਅਮਲ ਕੀਤੇ ਜਾ ਰਹੇ ਹਨ। ਪੰਜਾਬੀ ਬੋਲਦੇ ਇਲਾਕਿਆਂ ਨੂੰ ਵੀ ਜ਼ਬਰੀ ਪੰਜਾਬ ਤੋਂ ਬਾਹਰਲੇ ਸੂਬਿਆਂ ਨੂੰ ਦਿੱਤੇ ਗਏ। ਚੰਡੀਗੜ੍ਹ ਨੂੰ ਜ਼ਬਰੀ ਯੂ.ਟੀ ਬਣਾ ਕੇ ਪੰਜਾਬੀਆਂ ਦੇ ਹੱਕਾਂ ਦਾ ਘਾਣ ਕੀਤਾ ਜਾਂਦਾ ਆ ਰਿਹਾ ਹੈ। ਫ਼ੌਜ ਵਿੱਚ ਪੰਜਾਬੀਆਂ ਤੇ ਸਿੱਖਾਂ ਦੀ ਭਰਤੀ ਦੇ 33% ਕੋਟੇ ਨੂੰ ਘਟਾ ਕੇ ਕੇਵਲ ਨਾਮਾਤਰ 2% ਕਰ ਦਿੱਤਾ ਗਿਆ। ਪੰਜਾਬੀਆਂ ਨੂੰ ਸੈਂਟਰ ਪੂਲ ਵਿੱਚੋਂ ਅੱਜ ਤੱਕ ਕੋਈ ਵੀ ਵੱਡੀ ਇੰਡਸਟਰੀ ਨਹੀਂ ਦਿੱਤੀ ਗਈ। ਕਾਨੂੰਨੀ, ਸਮਾਜਿਕ, ਧਾਰਮਿਕ ਅਤੇ ਭੂਗੋਲਿਕ ਤੌਰ ਤੇ ਅੱਜ ਵੀ ਪੰਜਾਬੀਆਂ ਤੇ ਸਿੱਖਾਂ ਨਾਲ ਵੱਡੇ ਵਿਤਕਰੇ ਜਾਰੀ ਹਨ। ਅਜੋਕੀ ਸਿੰਡੀਕੇਟ ਅਤੇ ਸੈਨੇਟ ਦੀ ਚੋਣ ਕਰਨ ਦੀ ਪ੍ਰਕਿਰਿਆ ਜਿਸ ਵਿੱਚ ਪੰਜਾਬੀ ਅਤੇ ਪੰਜਾਬੀਅਤ ਨਾਲ ਸੰਬੰਧਤ ਪ੍ਰੋਫੈਸਰ ਤੇ ਵਿਦਿਆਰਥੀਆਂ ਦੀ ਅਤੇ ਹੋਰ ਪੰਜਾਬ ਪੱਖੀ ਮੈਬਰਾਂ ਦੀ ਵੱਡੀ ਗਿਣਤੀ ਆਉਂਦੀ ਹੈ। ਉਸ ਨੂੰ ਖ਼ਤਮ ਕਰਨ ਦੀ ਮਨਸਾ ਨਾਲ ਅਤੇ ਮੁਤੱਸਵੀ ਫਿਰਕੂ ਲੋਕਾਂ ਦਾ ਇਸ ਵੱਡੇ ਵਿਦਿਅਕ ਅਦਾਰੇ ਉੱਤੇ ਕਬਜਾ ਕਰਨ ਹਿੱਤ ਅਜਿਹੇ ਗੈਰ ਕਾਨੂੰਨੀ, ਗੈਰ ਇਖਲਾਕੀ ਅਤੇ ਪੰਜਾਬ ਵਿਰੋਧੀ ਅਮਲ ਕੀਤੇ ਜਾ ਰਹੇ ਹਨ। ਜਿਸ ਨੂੰ ਅਸੀਂ ਕਿਸੇ ਵੀ ਕੀਮਤ ਤੇ ਨਾ ਤਾਂ ਬਰਦਾਸ਼ਤ ਕਰਾਂਗੇ ਅਤੇ ਨਾ ਹੀ ਪੰਜਾਬ ਵਿਰੋਧੀ ਸੋਚ ਨੂੰ ਲਾਗੂ ਕਰਨ ਦੀ ਇਜਾਜ਼ਤ ਦੇਵਾਂਗੇ। ਇਸ ਲਈ ਇਹ ਬਿਹਤਰ ਹੋਵੇਗਾ ਕਿ ਸੈਂਟਰ ਆਪਣੀ ਮੰਦਭਾਵਨਾ ਭਰੀ ਪੰਜਾਬ ਵਿਰੋਧੀ ਸੋਚ ਦਾ ਤਿਆਗ ਕਰਕੇ ਜਿਵੇਂ ਨਿਰੰਤਰ ਰਵਾਇਤ ਸੈਨੇਟ ਅਤੇ ਸਿੰਡੀਕੇਟ ਦੀ ਚੋਣ ਦੀ ਚੱਲਦੀ ਆ ਰਹੀ ਹੈ ਉਸ ਨੂੰ ਤੁਰੰਤ ਬਹਾਲ ਕਰਕੇ, ਕਿਸਾਨ ਅੰਦੋਲਨ ਦੀ ਤਰ੍ਹਾਂ ਇੱਕ ਹੋਰ ਨਵਾਂ ਅੰਦੋਲਨ ਪੰਜਾਬ ਤੋਂ ਛੇੜਨ ਦੀ ਗੁਸਤਾਖੀ ਨਾ ਕਰੇ ਤਾਂ ਇਹ ਇੱਥੋਂ ਦੇ ਅਮਨ ਚੈਨ ਤੇ ਜਮਹੂਰੀਅਤ ਲਈ ਬਿਤਹਰ ਹੋਵੇਗਾ।

23 ਨਵੰਬਰ ਨੂੰ ਗੁਰਦੁਆਰਾ ਜਫ਼ਰਨਾਮਾ ਦੀਨਾਂ ਕਾਂਗੜ ਵਿਖੇ ਨੌਵੀਂ ਪਾਤਸ਼ਾਹੀ ਦੇ ਮਨਾਏ ਜਾ ਰਹੇ 350ਵੇਂ ਸ਼ਹੀਦੀ ਸਮਾਗਮ ਵਿੱਚ ਸਿੱਖ ਕੌਮ ਹੁੰਮ-ਹੁੰਮਾਕੇ ਸ਼ਮੂਲੀਅਤ ਕਰੇ: ਮਾਨ

ਚੰਡੀਗੜ੍ਹ, 04 ਨਵੰਬਰ 2025- "ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਅਤੇ ਹੋਰ ਹਮਖਿਆਲ ਪੰਥਕ ਜਥੇਬੰਦੀਆਂ ਦੇ ਸਹਿਯੋਗ ਨਾਲ 23 ਨਵੰਬਰ ਨੂੰ ਗੁਰਦੁਆਰਾ ਜਫ਼ਰਨਾਮਾ ਦੀਨਾਂ ਕਾਂਗੜ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ, ਭਾਈ ਮਤੀ ਦਾਸ, ਭਾਈ ਸਤੀ ਦਾਸ, ਭਾਈ ਲੱਖੀ ਸ਼ਾਹ ਅਤੇ ਭਾਈ ਜੈਤਾ ਜੀ ਦੀਆਂ ਮਹਾਨ ਸ਼ਹਾਦਤਾਂ ਨੂੰ ਨਤਮਸਤਕ ਹੋਣ ਹਿੱਤ ਅਤੇ ਉਨ੍ਹਾਂ ਦੀਆਂ ਮਹਾਨ ਸ਼ਹਾਦਤਾਂ ਨੂੰ ਨਤਮਸਤਕ ਹੋਣ ਹਿੱਤ ਅਤੇ ਉਨ੍ਹਾਂ ਵੱਲੋਂ ਮਨੁੱਖਤਾ ਅਤੇ ਇਨਸਾਨੀਅਤ ਕਦਰਾਂ ਕੀਮਤਾਂ ਲਈ ਪਾਏ ਗਏ ਦ੍ਰਿੜਤਾਪੂਰਵਕ ਪੂਰਨਿਆ ਤੇ ਪਹਿਰਾ ਦਿੰਦੇ ਹੋਏ ਆਪਣੀ ਕੌਮੀ ਆਜਾਦੀ ਵੱਲ ਵੱਧਣ ਹਿੱਤ ਇਸ ਸ਼ਹੀਦੀ ਦਿਹਾੜੇ ਨੂੰ ਪੂਰਨ ਸ਼ਰਧਾ ਤੇ ਸਤਿਕਾਰ ਸਹਿਤ ਮਨਾਇਆ ਜਾ ਰਿਹਾ ਹੈ। ਜਿਸ ਵਿੱਚ ਉਨ੍ਹਾਂ ਵੱਲੋਂ ਮਨੁੱਖਤਾ ਨੂੰ ਦਿੱਤੀ ਗਈ ਦੂਰ ਅੰਦੇਸ਼ੀ ਵਾਲੀ

ਅੰਕ 9 ਨਵੰਬਰ 2025

ਮੈਗਜ਼ੀਨ

ਬਾਗ਼ੀ

ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ)

ਸੰਪਾਦਕ-ਰਸ਼ਪਿੰਦਰ ਕੌਰ ਗਿੱਲ

ਅਗਵਾਈ ਅਤੇ ਜਿੰਦਗੀ ਨੂੰ ਸਹੀ ਢੰਗ ਨਾਲ ਜਿਊਂਣ ਦੇ ਢੰਗ ਤੇ ਸਰਬੱਤ ਦੇ ਭਲੇ ਦੇ ਮਕਸਦ ਨੂੰ ਮੁੱਖ ਰੱਖ ਕੇ ਸੈਮੀਨਰ, ਕੀਰਤਨ ਦਰਬਾਰ ਅਤੇ ਹੋਰ ਵਿਚਾਰਾਂ ਕਰਦੇ ਹੋਏ ਸ੍ਰੀ ਆਖੰਡ ਪਾਠ ਸਾਹਿਬ ਜੀ ਦੇ ਭੋਗ ਪਾ ਕੇ ਸਮੂਹਿਕ ਰੂਪ ਵਿੱਚ ਕੌਮੀ ਅਰਦਾਸ ਕੀਤੀ ਜਾਵੇਗੀ। ਜਿਸ ਵਿੱਚ ਅਸੀਂ ਸਮੁੱਚੀ ਸਿੱਖ ਕੌਮ ਤੇ ਮਨੁੱਖਤਾ ਨੂੰ ਆਪੋ ਆਪਣੇ ਸਾਧਨਾਂ ਰਾਹੀਂ ਪਿੰਡਾਂ, ਸ਼ਹਿਰਾਂ ਵਿੱਚੋਂ ਸੰਗਤਾਂ ਨੂੰ ਨਾਲ ਲੈ ਕੇ ਇਸ ਮਹਾਨ ਸਮਾਗਮ ਵਿੱਚ ਸ਼ਮੂਲੀਅਤ ਕਰਨ ਦੀ ਹਾਰਦਿਕ ਅਪੀਲ ਕੀਤੀ ਜਾਂਦੀ ਹੈ।" ਇਹ ਅਪੀਲ ਸ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਅੱਜ ਚੰਡੀਗੜ੍ਹ ਦੇ ਪ੍ਰੈਸ ਕਲੱਬ ਵਿਖੇ ਗੁਰੂ ਸਾਹਿਬਾਨ ਜੀ ਦੀਆਂ ਮਹਾਨ ਸ਼ਹਾਦਤਾਂ ਨੂੰ ਸਮਰਪਿਤ ਹੋ ਕੇ ਮਨਾਏ ਜਾ ਰਹੇ ਸ਼ਹੀਦੀ ਦਿਹਾੜੇ ਦੇ ਮਕਸਦ ਅਤੇ ਉਨ੍ਹਾਂ ਦੇ ਪੂਰਨਿਆ ਤੇ ਚੱਲਦੇ ਹੋਏ ਅਗਲੀ ਕੌਮੀ ਮੰਜਿਲ ਵੱਲ ਵੱਧਣ ਦੀ ਬਾ-ਦਲੀਲ ਢੰਗ ਨਾਲ ਸਮੁੱਚੀ ਸਿੱਖ ਕੌਮ ਨੂੰ ਹਾਰਦਿਕ ਅਪੀਲ ਕਰਦੇ ਹੋਏ ਕੀਤੀ। ਉਨ੍ਹਾਂ ਇਸ ਗੱਲ ਦਾ ਦੁੱਖ ਤੇ ਅਫਸੋਸ ਜਾਹਰ ਕੀਤਾ ਕਿ ਵੱਖ-ਵੱਖ ਸਰਕਾਰਾਂ, ਸੰਸਥਾਵਾਂ ਤੇ ਸੰਗਠਨਾਂ ਵੱਲੋਂ ਗੁਰੂ ਸਾਹਿਬਾਨ ਤੇ ਹੋਰ ਮਹਾਨ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਤਾਂ ਭੇਂਟ ਕੀਤੇ ਜਾ ਰਹੇ ਹਨ। ਜਿਸ ਮਨੁੱਖੀ ਤੇ ਇਨਸਾਨੀ ਹੱਕਾਂ ਦੀ ਰਖਵਾਲੀ ਲਈ, ਸਭਨਾਂ ਨਾਗਰਿਕਾਂ ਨੂੰ ਬਰਾਬਰਤਾ ਦੇ ਹੱਕ ਅਧਿਕਾਰ ਪ੍ਰਦਾਨ ਕਰਵਾਉਣ ਲਈ, ਸਭ ਧਰਮਾਂ, ਕੌਮਾਂ ਦੇ ਇੱਜ਼ਤ ਮਾਣ ਸਤਿਕਾਰ ਨੂੰ ਕਾਇਮ ਰੱਖਣ ਹਿੱਤ ਮਨੁੱਖਤਾ ਪੱਖੀ ਸੋਚ ਨੂੰ ਮੁੱਖ ਰੱਖ ਕੇ ਹਕੂਮਤੀ ਵਿਤਕਰਿਆਂ ਤੇ ਬੇ-ਇਨਸਾਫ਼ੀਆਂ ਨੂੰ ਖਤਮ ਕਰਨ, ਇਨਸਾਨੀ ਕਦਰਾਂ ਕੀਮਤਾਂ ਨੂੰ ਹਰ ਕੀਮਤ ਤੇ ਕਾਇਮ ਰੱਖਣ, ਜਾਤ-ਪਾਤ ਆਦਿ ਦੇ ਵੱਖਰੇਵਿਆਂ ਤੋਂ ਨਿਰਲੇਪ ਰਹਿ ਕੇ ਸਾਫ-ਸੁਥਰਾ ਪਾਰਦਰਸ਼ੀ ਸਰਬੱਤ ਦੇ ਭਲੇ ਵਾਲਾ ਨਿਜ਼ਾਮ, ਅਮਨ-ਚੈਨ ਨੂੰ ਕਾਇਮ ਰੱਖਣ ਹਿੱਤ ਆਪਣੀਆਂ ਸ਼ਹਾਦਤਾਂ ਦਿੱਤੀਆਂ, ਉਹ ਉਪਰੋਕਤ ਸਭ ਸਰਕਾਰਾਂ, ਸੰਗਠਨਾਂ ਅਤੇ ਸਮੂਹਾਂ ਵੱਲੋਂ ਕੀਤੇ ਜਾਣ ਵਾਲੇ ਸ਼ਹੀਦੀ ਸਮਾਗਮਾਂ ਤੇ ਪ੍ਰੋਗਰਾਮਾਂ ਵਿੱਚ ਕੁਝ ਵੀ ਨਜ਼ਰ ਨਹੀਂ ਆ ਰਿਹਾ। ਬਲਕਿ ਉਪਰੋਕਤ ਸੰਜੀਦਾ ਵਿਸ਼ਿਆਂ ਉੱਤੇ ਸਿੱਖ ਕੌਮ ਨੂੰ ਤਾਂ ਸਭ ਹੁਕਮਰਾਨਾਂ ਤੇ ਸੰਸਥਾਵਾਂ ਵੱਲੋਂ ਨਜ਼ਰ ਅੰਦਾਜ ਕਰਕੇ ਸਿੱਖ ਕੌਮ ਨਾਲ ਹਰ ਖੇਤਰ ਵਿੱਚ ਜ਼ਬਰ ਜ਼ੁਲਮ, ਬੇ-ਇਨਸਾਫ਼ੀਆਂ ਨਿਰੰਤਰ ਅੱਜ ਵੀ ਜਾਰੀ ਹਨ। 1947 ਤੋਂ ਲੈ ਕੇ ਅੱਜ ਤੱਕ ਸਿੱਖ ਕੌਮ ਨਾਲ ਸਰਕਾਰਾਂ ਤੇ ਹੁਕਮਰਾਨਾਂ ਵੱਲੋਂ ਕੀਤੇ ਸਭ ਵਾਅਦੇ, ਕੌਲ, ਇਕਰਾਰਾਂ ਦੀ ਇੱਕ ਵੀ ਮਿਆਦ ਪੂਰੀ ਨਹੀਂ ਕੀਤੀ ਗਈ। ਬਲਕਿ ਜਿਸ ਸਿੱਖ ਕੌਮ ਨੂੰ ਉੱਤਰੀ ਭਾਰਤ ਵਿੱਚ ਇੱਕ ਆਜਾਦ ਖਿੱਤਾ ਦੇਣ ਦੀ ਗੱਲ ਕਰਕੇ ਉਨ੍ਹਾਂ ਦੇ ਸਵੈਮਾਣ, ਧਾਰਮਿਕ, ਰਾਜਨੀਤਿਕ ਆਜਾਦੀ ਪ੍ਰਦਾਨ ਕਰਨ ਦੀ ਗੱਲ ਕੀਤੀ ਗਈ ਸੀ, ਉਸ ਨੂੰ ਹੁਕਮਰਾਨ ਮੰਦਭਾਵਨਾ ਅਧੀਨ ਪੂਰਨ ਰੂਪ ਵਿੱਚ ਵਿਸਾਰ ਚੁੱਕੇ ਹਨ। ਇਹੀ ਵਜ੍ਹਾ ਹੈ ਕਿ 1984 ਦੇ ਬਲਿਊ ਸਟਾਰ ਦੇ ਫੌਜੀ ਹਮਲੇ ਦੌਰਾਨ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਹੋਰ 36 ਗੁਰੂਘਰਾਂ ਉੱਤੇ ਹਮਲੇ ਕਰਕੇ ਸਾਡੀਆਂ ਇਤਿਹਾਸਿਕ ਇਮਾਰਤਾਂ ਨੂੰ ਹੀ ਢਹਿ-ਢੇਰੀ ਨਹੀਂ ਕੀਤਾ ਗਿਆ ਬਲਕਿ 25 ਹਜਾਰ ਦੇ ਕਰੀਬ ਨਿਰਦੋਸ਼, ਨਿਹੱਥੇ ਜੋ ਸਿੱਖ ਸਰਧਾਲੂ ਸ੍ਰੀ ਦਰਬਾਰ ਸਾਹਿਬ ਸ਼ਹੀਦੀ ਦਿਹਾੜੇ ਤੇ ਨਤਮਸਤਕ ਹੋਣ ਆਏ ਸਨ, ਉਨ੍ਹਾਂ ਨੂੰ ਗੋਲੀਆਂ, ਬੰਦੂਕਾਂ, ਟੈਕਾਂ ਨਾਲ ਬੰਬਾਰਮੈਂਟ ਕਰਕੇ ਸ਼ਹੀਦ ਕਰ ਦਿੱਤਾ ਗਿਆ। ਉਪਰੰਤ ਮਰਹੂਮ ਇੰਦਰਾ ਗਾਂਧੀ ਦੇ ਕਤਲ

ਤੋਂ ਬਾਅਦ ਉਸ ਸਮੇਂ ਦੇ ਵਜੀਰ-ਏ-ਆਜਮ ਰਾਜੀਵ ਗਾਂਧੀ ਨੇ ਇੱਕ ਯੋਜਨਾਬੰਧ ਢੰਗ ਤੇ ਸਾਜਿਸ਼ ਰਾਹੀਂ ਸਮੁੱਚੇ ਮੁਲਕ ਵਿੱਚ ਸਰਬੱਤ ਦਾ ਭਲਾ ਲੋੜਨ ਵਾਲੇ ਸਿੱਖਾਂ ਤੇ ਉਨ੍ਹਾਂ ਦੇ ਕਾਰੋਬਾਰਾਂ ਨੂੰ ਨਿਸ਼ਾਨਾ ਬਣਾ ਕੇ ਸਿੱਖਾਂ ਦੇ ਬੇ-ਰਹਿੰਮੀ ਨਾਲ ਕਤਲ ਹੀ ਨਹੀਂ ਕੀਤੇ ਗਏ, ਬਲਕਿ ਸਾਡੀਆਂ ਧੀਆਂ ਭੈਣਾਂ ਨਾਲ ਬਲਾਤਕਾਰ, ਸਾਡੇ ਕਾਰੋਬਾਰਾਂ, ਘਰਾਂ ਨੂੰ ਅੱਗਾਂ ਲਗਾ ਕੇ ਸਾੜਿਆ ਗਿਆ। ਜੋ ਕਿ ਜਾਹਰਾ ਤੌਰ ਤੇ ਮਨੁੱਖਤਾ ਤੇ ਇਨਸਾਨੀਅਤ ਦਾ ਤਾਂਡਵ ਨਾਚ ਕੀਤਾ ਗਿਆ। ਐਨੇ ਵੱਡੇ ਪੱਧਰ ਉੱਤੇ ਮਨੁੱਖੀ ਹੱਕਾਂ ਤੇ ਇਨਸਾਨੀ ਜਿੰਦਗਾਨੀਆਂ ਦਾ ਨੁਕਸਾਨ ਕੀਤੇ ਜਾਣ ਤੇ ਵੀ ਅੱਜ ਤੱਕ ਕਾਨੂੰਨ ਅਨੁਸਾਰ ਨਾ ਤਾਂ ਕਿਸੇ ਨੂੰ ਦੋਸ਼ੀ ਠਹਿਰਾਇਆ ਗਿਆ ਤੇ ਨਾ ਹੀ ਕੌਮਾਂਤਰੀ ਕਾਨੂੰਨਾਂ ਅਨੁਸਾਰ ਸਜ਼ਾ ਦਿੱਤੀ ਗਈ। ਜਦੋਂ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਅਤੇ ਸ਼ਹੀਦ ਸਿੰਘਾਂ ਨੇ ਤਾਂ ਕਸ਼ਮੀਰੀ ਪੰਡਿਤਾਂ, ਹਿੰਦੂ ਬਹੂ-ਬੇਟੀਆਂ ਦੇ ਇੱਜ਼ਤ-ਮਾਣ ਨੂੰ ਮਹਿਫੂਜ ਕਰਨ ਅਤੇ ਉਨ੍ਹਾਂ ਦੇ ਮਨੁੱਖੀ ਹੱਕਾਂ ਦੀ ਰਾਖੀ ਕਰਨ ਲਈ ਆਪਣੀਆ ਸ਼ਹਾਦਤਾਂ ਦਿੱਤੀਆਂ ਸਨ। ਇੱਥੇ ਹੀ ਬਸ ਨਹੀਂ ਇਸ ਦੁਖਦਾਇਕ ਵਰਤਾਰੇ ਉਪਰੰਤ ਕੇ.ਪੀ.ਐਸ ਗਿੱਲ, ਇਜ਼ਹਾਰ ਆਲਮ, ਸੁਮੇਧ ਸੈਣੀ, ਅਜੀਤ ਸਿੰਘ, ਗੋਬਿੰਦ ਰਾਮ, ਸਵਰਨ ਸਿੰਘ ਘੋਟਣਾ ਵਰਗੇ ਜਾਬਰ ਤੇ ਜਾਲਮ ਪੁਲਿਸ ਅਫਸਰਾਂ, ਬੇਅੰਤ ਸਿੰਘ ਵਰਗੇ ਬੁੱਚੜ ਸਿਆਸਤਦਾਨਾਂ ਦੀ ਰਹਿਨੁਮਾਈਆ ਹੇਠ ਸਿੱਖ ਨੌਜਵਾਨੀ ਦੇ ਖੂਨ ਨਾਲ ਢਾਈ ਦਹਾਕੇ ਤੱਕ ਖੂਨ ਦੀ ਹੋਲੀ ਖੇਡਦੇ ਹੋਏ ਵੱਡੀ ਗਿਣਤੀ ਵਿੱਚ ਸਿੱਖਾਂ ਨੂੰ ਤਸੀਹੇ ਦੇ ਕੇ ਝੂਠੇ ਪੁਲਿਸ ਮੁਕਾਬਲਿਆਂ ਵਿੱਚ ਮਾਰਿਆ ਜਾਂਦਾ ਰਿਹਾ। ਫਿਰ ਖਾਲੜਾ ਰਿਪੋਰਟ ਰਾਹੀਂ 25 ਹਜ਼ਾਰ ਦੇ ਕਰੀਬ ਸਿੱਖਾਂ ਦੀਆਂ ਲਾਸ਼ਾਂ ਨੂੰ ਗੈਰ ਕਾਨੂੰਨੀ ਅਤੇ ਗੈਰ ਸਮਾਜਿਕ ਢੰਗ ਨਾਲ ਨਦੀਆਂ, ਦਰਿਆਵਾਂ ਵਿੱਚ ਰੋੜ੍ਹ ਕੇ ਜਾਂ ਪੰਜਾਬ ਦੇ ਸ਼ਮਸ਼ਾਨਘਾਟਾਂ ਵਿੱਚ ਬਿਨ੍ਹਾਂ ਸਿੱਖੀ ਰਵਾਇਤਾਂ ਦੀ ਪਾਲਣਾ ਕਰਿਆ ਅਗਨ ਭੇਂਟ ਕਰਦੇ ਹੋਏ ਇਨਸਾਨੀ ਕਦਰਾਂ ਕੀਮਤਾਂ ਅਤੇ ਮਨੁੱਖੀ ਹੱਕਾਂ ਦਾ ਵੱਡੇ ਪੱਧਰ ਤੇ ਘਾਣ ਕੀਤਾ ਜਾ ਰਿਹਾ। ਜਿਸ ਲਈ ਜਾਬਰ ਹੁਕਮਰਾਨ, ਸਿਆਸਤਦਾਨ, ਪੁਲਿਸ ਅਫਸਰ ਸਿੱਧੇ ਤੌਰ ਤੇ ਜਿੰਮੇਵਾਰ ਸਨ। 2000 ਵਿੱਚ ਵਾਜਪਾਈ ਸਰਕਾਰ ਸਮੇਂ ਜੰਮੂ ਕਸ਼ਮੀਰ ਦੇ ਚਿੱਠੀਸਿੰਘਪੁਰਾ ਵਿਖੇ ਇੰਡੀਅਨ ਫ਼ੌਜ ਵੱਲੋਂ 43 ਨਿਰਦੋਸ਼ ਅੰਮ੍ਰਿਤਧਾਰੀ ਨਿਹੱਥੇ ਸਿੱਖਾਂ ਨੂੰ ਇੱਕ

ਅੰਕ 9 ਨਵੰਬਰ 2025
ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ
ਮੈਗਜ਼ੀਨ
ਬਾਗ਼ੀ
ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ)
ਸੰਪਾਦਕ-ਰਸ਼ਪਿੰਦਰ ਕੌਰ ਗਿੱਲ

ਲਾਇਨ ਵਿੱਚ ਖੜ੍ਹਾ ਕਰਕੇ ਗੋਲੀਆਂ ਨਾਲ ਸ਼ਹੀਦ ਕਰ ਦਿੱਤਾ ਗਿਆ। ਅੱਜ ਤੱਕ ਨਾ ਤਾਂ ਉਸ ਕਤਲੇਆਮ ਦੀ ਕੋਈ ਜਾਂਚ ਹੋਈ ਨਾ ਹੀ ਕਿਸੇ ਨੂੰ ਦੋਸ਼ੀ ਠਹਿਰਾਇਆ ਗਿਆ। ਜਦੋਂ ਕਿ ਆਈ.ਐਸ.ਆਈ.ਐਸ ਵੱਲੋਂ ਅਫਗਾਨੀਸਤਾਨ ਦੇ ਗੁਰਦੁਆਰਾ ਸ੍ਰੀ ਗੁਰੂ ਹਰਿ ਰਾਏ ਸਾਹਿਬ ਕਾਬੁਲ ਵਿਖੇ 25 ਸਿੱਖਾਂ ਨੂੰ ਆਈ.ਐਸ.ਆਈ.ਐਸ ਦੇ ਸੰਗਠਨ ਵੱਲੋਂ ਬੰਬ ਵਿਸਫੋਟ ਰਾਹੀਂ ਕਤਲ ਕਰ ਦਿੱਤਾ ਗਿਆ ਸੀ। ਇਸੇ ਤਰ੍ਹਾਂ ਦੂਜਾ ਹਮਲਾ ਗੁਰਦੁਆਰਾ ਸ੍ਰੀ ਕਰਤਾ-ਏ-ਪ੍ਰਵਾਨ ਵਿਖੇ ਵੀ ਸਿੱਖਾਂ ਦੇ ਕਤਲ ਕਰ ਦਿੱਤੇ ਗਏ ਸਨ ਅਤੇ ਉਸ ਸਮੇਂ ਇੰਡੀਆਂ ਦੇ ਵਜੀਰ-ਏ-ਆਜਮ ਮੋਦੀ ਨੇ ਕਿਹਾ ਸੀ ਕਿ ਅਫਗਾਨੀਸਤਾਨ ਨਾਲ ਇੰਡੀਆ ਦੇ ਚੰਗੇ ਸੰਬੰਧ ਹਨ ਅਤੇ ਇਸਦੀ ਜਾਂਚ ਕਰਵਾ ਕੇ ਦੋਸ਼ੀਆਂ ਨੂੰ ਗ੍ਰਿਫਤਾਰ ਕਰਦੇ ਹੋਏ ਕਾਨੂੰਨ ਅਨੁਸਾਰ ਸਜਾ ਦਿਵਾਉਣ ਦਾ ਪ੍ਰਬੰਧ ਕਰਾਂਗੇ। ਪਰ ਦੁੱਖ ਅਤੇ ਅਫਸੋਸ ਹੈ ਇਸ ਦੁਰਘਟਨਾ ਨੂੰ ਵਾਪਰੇ ਹੋਏ ਲੰਮਾਂ ਸਮਾਂ ਬੀਤ ਚੁੱਕਿਆ ਹੈ। ਪਰ ਸਿੱਖ ਕੌਮ ਨੂੰ ਅੱਜ ਤੱਕ ਕੋਈ ਇਨਸਾਫ਼ ਨਾ ਤਾਂ ਵਜੀਰ-ਏ-ਆਜਮ ਮੋਦੀ ਵੱਲੋਂ ਦਿਵਾਇਆ ਗਿਆ ਨਾ ਹੀ ਅਫਗਾਨ ਸਰਕਾਰ ਵੱਲੋਂ ਇਸ ਤੇ ਕੋਈ ਅਮਲ ਹੋਇਆ ਹੈ। ਉਨ੍ਹਾਂ ਕਿਹਾ ਕਿ ਉਪਰੋਕਤ ਕਤਲੇਆਮ ਤੋਂ ਇਲਾਵਾ ਪਾਕਿਸਤਾਨ ਦੇ ਪੇਸ਼ਾਵਰ ਵਿਖੇ ਇੱਕ ਸਿੱਖ ਹਕੀਮ ਨੂੰ ਵੀ ਉਪਰੋਕਤ ਸੰਗਠਨ ਨੇ ਕਤਲ ਕਰ ਦਿੱਤਾ ਸੀ। ਇਸ ਤੋਂ ਇਲਾਵਾ

ਸਰਕਾਰਾਂ ਅਤੇ ਸੰਸਥਾਵਾਂ ਵੱਲੋਂ ਇਸ ਦਿਹਾੜੇ ਨੂੰ ਮਨਾਉਣਾ ਸਵਾਗਤਯੋਗ, ਪਰ ਗੁਰੂ ਸਾਹਿਬਾਨ ਜੀ ਦੀ ਮਨੁੱਖਤਾ ਪੱਖੀ ਸੋਚ ਤੇ ਅਮਲ ਨਾ ਕਰਨਾ ਦੁੱਖਦਾਇਕ

ਸ੍ਰੀਨਗਰ ਵਿੱਚ ਇੱਕ ਪ੍ਰਿੰਸੀਪਲ ਸਿੱਖ ਬੀਬੀ ਸੁਪਿੰਦਰ ਕੌਰ ਨੂੰ ਵੀ ਕਤਲ ਕਰ ਦਿੱਤਾ ਸੀ। ਇਨ੍ਹਾਂ ਸਭ ਕਤਲਾਂ ਦੇ ਦੋਸ਼ੀਆਂ ਵਿਰੁੱਧ ਕੋਈ ਅਮਲ ਨਾ ਹੋਣਾ ਵੀ ਬਹੁਤ ਦੁੱਖਦਾਇਕ ਹੈ। 2018 ਵਿੱਚ ਇਰਾਕ ਵਿੱਚ ਇਸੇ ਉਪਰੋਕਤ ਸੰਗਠਨ ਨੇ 38 ਨਿਰਦੋਸ਼ ਸਿੱਖਾਂ ਨੂੰ ਫੜ ਕੇ ਬਹੁਤ ਬੇਰਹਿੰਮੀ ਨਾਲ ਕਤਲ ਕਰ ਦਿੱਤਾ ਸੀ। ਉਸ ਸਮੇਂ ਇੰਡੀਆ ਦੀ ਵਿਦੇਸ਼ ਵਜੀਰ ਬੀਬੀ ਸੁਸ਼ਮਾ ਸਵਰਾਜ ਸਨ। ਇਸੇ ਦੌਰਾਨ ਕੇਰਲਾ ਦੀਆਂ ਕੁਝ ਨਰਸਾਂ ਨੂੰ ਵੀ ਉਪਰੋਕਤ ਸੰਗਠਨ ਨੇ ਆਪਣੇ ਕੈਦੀ ਬਣਾ ਲਿਆ ਸੀ। ਬੀਬੀ ਸਵਰਾਜ ਨੇ ਅਤੇ ਇੰਡੀਅਨ ਹੁਕਮਰਾਨਾਂ ਨੇ ਪਹੁੰਚ ਕਰਕੇ ਕੇਰਲਾ ਦੀਆਂ ਬੀਬੀਆਂ ਨੂੰ ਰਿਹਾਅ ਕਰਵਾ ਲਿਆ ਸੀ। ਪਰ ਉਪਰੋਕਤ ਸਿੱਖਾਂ ਨੂੰ ਰਿਹਾਅ ਕਰਵਾਉਣ ਲਈ ਇੰਡੀਅਨ ਹੁਕਮਰਾਨਾਂ ਨੇ ਸੰਜੀਦਗੀ ਤੇ ਇਮਾਨਦਾਰੀ ਨਾਲ ਕੋਈ ਅਮਲ ਨਾ ਕੀਤਾ। ਇੱਥੇ ਇਹ ਵਰਣਨ ਕਰਨਾ ਜਰੂਰੀ ਹੈ ਕਿ ਕੇਰਲਾ ਵਿੱਚ ਆਈ.ਐਸ.ਆਈ.ਐਸ ਸੈਂਟਰ ਦੇ ਟ੍ਰੇਨਿੰਗ ਸੈਂਟਰ ਸਨ, ਜਿਸ ਨਾਲ ਕੇਰਲਾ ਸੂਬੇ ਨਾਲ ਇਸ ਸੰਗਠਨ ਦਾ ਸੰਬੰਧ ਜੁੜਿਆ ਹੋਇਆ ਸੀ ਅਤੇ ਇੰਡੀਅਨ ਹੁਕਰਮਾਨਾਂ ਦੇ ਵੀ ਇਸ ਸੰਗਠਨ ਨਾਲ ਅੱਛੇ ਸੰਬੰਧ ਸਨ। ਜੇਕਰ ਸਿੱਖਾਂ ਨੂੰ ਇਰਾਕ ਵਿੱਚੋਂ ਨਹੀਂ ਛੁਡਾਇਆ ਗਿਆ ਅਤੇ ਕਤਲ ਹੋਣ ਤੋਂ ਨਾ ਬਚਾਇਆ ਗਿਆ। ਇਸ ਵਿੱਚ ਮੋਦੀ ਹਕੂਮਤ ਅਤੇ ਉਸ ਸਮੇਂ ਦੀ ਵਿਦੇਸ਼ ਵਜੀਰ ਮਰਹੂਮ ਸੁਸ਼ਮਾ ਸਵਰਾਜ ਵੀ ਦੋਸ਼ੀ ਸਨ। ਜਿਨ੍ਹਾਂ ਨੇ ਆਪਣੇ ਇੰਡੀਅਨ ਨਾਗਰਿਕਾਂ ਦੀ ਜਿੰਦਗੀ ਬਚਾਉਣ ਲਈ ਕੋਈ ਅਮਲ ਨਾ ਕੀਤਾ। 30-30 ਸਾਲਾਂ ਤੋਂ ਸਿੱਖਾਂ ਨੂੰ ਕਾਲ-ਕੋਠੜੀਆਂ ਵਿੱਚ ਬੰਦ ਕਰਕੇ ਵੱਡੀ ਮਾਨਸਿਕ ਤੇ ਸ਼ਰੀਰਕ ਸਜ਼ਾ ਦਿੱਤੀ ਹੋਈ ਹੈ। ਜਿਸ ਤੋਂ ਹੁਕਮਰਾਨਾਂ ਦੇ ਗੈਰ ਕਾਨੂੰਨੀ ਤੇ ਗੈਰ ਇਨਸਾਨੀ ਅਮਲ ਪ੍ਰਤੱਖ ਨਜ਼ਰ ਆ ਰਹੇ ਹਨ। ਜੋ ਬੀਤੇ ਦਿਨੀਂ ਭਾਈ ਜਗਤਾਰ ਸਿੰਘ ਤਾਰਾ ਨੂੰ ਅਦਾਲਤ ਨੇ ਕੇਸ ਵਿੱਚੋਂ ਬਾ-ਇੱਜ਼ਤ ਬਰੀ ਕਰਨ ਦੇ ਹੁਕਮ ਕੀਤੇ ਹਨ। ਉਸ ਤੋਂ ਵੀ ਇਹ ਜਾਹਰ ਹੋ ਜਾਂਦਾ ਹੈ ਕਿ ਹੁਕਮਰਾਨਾਂ ਨੇ ਸਿੱਖ ਕੌਮ ਨਾਲ ਬਿਨ੍ਹਾਂ ਵਜ੍ਹਾ ਨਫਰਤ ਤੇ ਦੁਸ਼ਮਣੀ ਖੜ੍ਹੀ ਕਰਕੇ ਸਾਡੀ ਨੌਜਵਾਨੀ ਤੇ ਝੂਠੇ ਕੇਸ ਦਰਜ ਕਰਕੇ ਲੰਮੇ ਸਮੇਂ ਤੋਂ ਜ਼ਬਰੀ ਬੰਦੀ ਬਣਾ ਕੇ ਰੱਖੇ ਹੋਏ ਹਨ। ਜਦੋਂ ਕਿ ਇੰਡੀਅਨ ਵਿਧਾਨ ਦੀ ਧਾਰਾ 21 ਰਾਹੀਂ ਇੱਥੋਂ ਦੇ ਹਰ ਨਾਗਰਿਕ ਨੂੰ ਬਿਨ੍ਹਾਂ ਕਿਸੇ ਡਰ-ਭੈ ਤੋਂ ਆਜਾਦੀ ਨਾਲ ਜਿੰਦਗੀ ਜਿਊਂਣ ਅਤੇ ਵਿਚਰਣ ਦੇ ਅਧਿਕਾਰ ਹੱਕ ਹਾਂਸਿਲ ਹਨ। ਜਿਸ ਨੂੰ ਨਿਰੰਤਰ ਸਿੱਖਾਂ ਪ੍ਰਤੀ ਅਮਲ ਕਰਦੇ ਹੋਏ ਕੁੱਚਲਿਆ ਜਾਂਦਾ ਆ ਰਿਹਾ ਹੈ ਅਤੇ ਇਹ ਹਿੰਦੂਤਵ ਹੁਕਮਰਾਨਾਂ ਤੇ ਸਿੱਖਾਂ ਵਿੱਚ ਵੱਧਦੇ ਪਾੜੇ ਦੇ ਨਤੀਜੇ ਕਦਾਚਿਤ ਸਹੀ ਸਾਬਤ ਨਹੀਂ ਹੋ ਸਕਣਗੇ। ਅੱਜ ਜਦੋਂ ਹੁਕਮਰਾਨ, ਸਰਕਾਰਾਂ, ਵੱਖ-ਵੱਖ ਸੰਗਠਨ, ਸੰਸਥਾਵਾਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾਂ ਸ਼ਹੀਦੀ ਦਿਹਾੜੇ ਨੂੰ ਮਨਾਉਣ ਜਾ ਰਹੀਆਂ ਹਨ। ਇਹ ਅਮਲੀ ਰੂਪ ਵਿੱਚ ਉਸ ਸਮੇਂ ਤੱਕ ਸਹੀ ਸ਼ਰਧਾ ਦੇ ਫੁੱਲ ਭੇਂਟ ਨਹੀਂ ਹੋ ਸਕਣਗੇ, ਜਦੋਂ ਤੱਕ ਸਭ ਸੰਸਥਾਵਾਂ ਤੇ ਸਰਕਾਰਾਂ ਉਪਰੋਕਤ ਮਹਾਨ ਦਿਹਾੜੇ ਨੂੰ ਮਨਾਉਣ ਦੇ ਮੌਕੇ ਉੱਤੇ ਹੁਣ ਤੱਕ ਹੁੰਦੀਆ ਆ ਰਹੀਆਂ ਪੰਜਾਬੀਆਂ ਤੇ ਸਿੱਖ ਕੌਮ ਨਾਲ ਬੇ-ਇਨਸਾਫ਼ੀਆਂ, ਜ਼ਬਰ ਜੁਲਮ, ਵਿਤਕਰਿਆਂ ਨੂੰ ਬੰਦ ਨਹੀਂ ਕੀਤਾ ਜਾਂਦਾ। ਇਸ ਮਹਾਨ ਦਿਨ ਦੇ ਸਮਾਗਮਾਂ ਨੂੰ ਮਨਾਉਣ ਅਤੇ ਉਨ੍ਹਾਂ ਦੀਆਂ ਸ਼ਹਾਦਤਾਂ ਨੂੰ ਯਾਦ ਕਰਨ ਦਾ ਮਕਸਦ ਉਦੋਂ ਹੀ ਪੂਰਾ ਹੋ ਸਕੇਗਾ ਜਦੋਂ ਇੱਥੋਂ ਦੇ ਹੁਕਮਰਾਨ, ਸਰਕਾਰਾਂ ਤੇ ਉਨ੍ਹਾਂ ਨੂੰ ਸਹਿਯੋਗ ਕਰਨ ਵਾਲੀਆਂ ਸੰਸਥਾਵਾਂ ਪੰਜਾਬੀਆਂ ਤੇ ਸਿੱਖਾਂ ਨਾਲ ਲੰਮੇ ਸਮੇਂ ਤੋਂ ਨਿਰੰਤਰ ਚੱਲਦੀਆਂ ਆ ਰਹੀਆਂ ਬੇ-ਇਨਸਾਫ਼ੀਆਂ, ਵਿਤਕਰੇ, ਜ਼ਬਰ ਜੁਲਮ ਤੋਂ ਤੋਬਾ ਕਰਕੇ ਜੇਲ੍ਹਾਂ ਵਿੱਚ ਲੰਮੇ ਸਮੇਂ ਤੋਂ ਬੰਦੀ ਬਣਾਏ ਗਏ ਸਿੱਖਾਂ ਨੂੰ ਸਹੀ ਭਾਵਨਾ ਨਾਲ ਰਿਹਾਅ ਕਰਵਾਉਣ ਤੇ ਕਰਨ ਦੇ ਅਮਲ ਨਹੀਂ ਕਰਦੇ। ਸਾਡੀ ਸਿੱਖ ਪਾਰਲੀਮੈਂਟ ਐਸ.ਜੀ.ਪੀ.ਸੀ ਦੀ ਕੁੱਚਲੀ ਗਈ ਜਮਹੂਰੀਅਤ ਨੂੰ ਬਹਾਲ ਕਰਕੇ ਇਸਦੀ ਜਰਨਲ ਚੋਣ ਕਰਵਾਉਣ ਦੇ ਅਮਲ ਨਹੀਂ ਕੀਤੇ ਜਾਂਦੇ ਅਤੇ ਬੀਤੇ ਸਮੇਂ ਵਿੱਚ ਪੰਜਾਬੀਆਂ ਤੇ ਸਿੱਖਾਂ ਨਾਲ ਕੀਤੇ ਗਏ ਵਾਅਦੇ, ਬਚਨ, ਕੌਲ ਇਕਰਾਰਾਂ ਨੂੰ ਪੂਰਨ ਨਹੀਂ ਕਰਦੇ। ਸ. ਮਾਨ ਨੇ ਪੰਜਾਬ ਯੂਨੀਵਰਸਿਟੀ ਦੀ ਉਸਦੀ ਸਥਾਪਨਾ ਤੋਂ ਸੈਨੇਟ ਅਤੇ ਸਿੰਡੀਕੇਟ ਦੀ ਚੋਣ ਰਾਹੀਂ ਚੱਲਦੇ ਆ ਰਹੇ ਜਮਹੂਰੀਅਤ ਅਤੇ ਪੰਜਾਬ ਪੱਖੀ ਪ੍ਰਬੰਧ ਨੂੰ ਮੰਦਭਾਵਨਾ ਅਧੀਨ ਖਤਮ ਕਰਕੇ ਸੈਂਟਰ ਦੇ ਹੁਕਮਰਾਨਾਂ ਵੱਲੋਂ ਸਾਡੀ ਇਸ ਪੰਜਾਬ, ਪੰਜਾਬੀ ਤੇ ਪੰਜਾਬੀਅਤ ਨਾਲ ਸੰਬੰਧਤ ਵਿਦਿਅਕ ਅਦਾਰੇ ਦਾ ਭਗਵਾਕਰਨ ਕਰਨ ਦੇ ਅਮਲਾਂ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕਰਦੇ ਹੋਏ ਇਸ ਨੂੰ ਕਤਈ

ਅੰਕ 9 ਨਵੰਬਰ 2025
ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ
ਮੈਗਜ਼ੀਨ
ਬਾਗ਼ੀ
ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ)
ਸੰਪਾਦਕ-ਰਸ਼ਪਿੰਦਰ ਕੌਰ ਗਿੱਲ

ਵੀ ਬਰਦਾਸ਼ਤ ਨਾ ਕਰਨ ਅਤੇ ਸੈਂਟਰ ਦੇ ਮਨਸੂਬਿਆਂ ਨੂੰ ਸਫ਼ਲ ਨਹੀਂ ਹੋਣ ਦਿੱਤਾ ਜਾਵੇਗਾ। ਉਸ ਲਈ ਪੰਜਾਬੀਆਂ, ਸਿੱਖਾਂ ਨੂੰ ਭਾਵੇਂ ਕਿਸਾਨ ਅੰਦੋਲਨ ਦੀ ਤਰ੍ਹਾਂ ਲੰਮਾਂ ਸੰਘਰਸ਼ ਵੀ ਕਿਉਂ ਨਾ ਕਰਨਾ ਪਵੇ। ਸ. ਮਾਨ ਨੇ ਮੌਜੂਦਾ ਭਗਵੰਤ ਮਾਨ ਸਰਕਾਰ ਵੱਲੋਂ ਆਪਣੀਆ ਨਾਕਾਮੀਆਂ ਨੂੰ ਛੁਪਾਉਣ ਲਈ ਅਖਬਾਰਾਂ ਤੇ ਮੀਡੀਏ ਦੀ ਆਜਾਦੀ ਉੱਤੇ ਕੀਤੇ ਗਏ ਹਮਲੇ ਦੀ ਵੀ ਘੋਰ ਨਿੰਦਾ ਕਰਦੇ ਹੋਏ ਕਿਹਾ ਕਿ ਮੀਡੀਏ ਤੇ ਅਖ਼ਬਾਰ ਜਮਹੂਰੀਅਤ ਦਾ ਚੌਥਾ ਥੰਮ੍ਹ ਹੈ। ਜਿਸ ਨੂੰ ਕੌਮਾਂਤਰੀ ਤੇ ਇੱਥੋਂ ਦੇ ਸਭ ਕਾਨੂੰਨ ਆਜਾਦੀ ਨੂੰ ਬਰਕਰਾਰ ਰੱਖਣ ਦੀ ਮਾਨਤਾ ਦਿੰਦੇ ਹਨ। ਸਰਕਾਰ ਨੇ ਅਜਿਹਾ ਅਮਲ ਕਰਕੇ ਸਾਬਤ ਕਰ ਦਿੱਤਾ ਹੈ ਕਿ ਹਰ ਖੇਤਰ ਵਿੱਚ ਇਹ ਸਰਕਾਰ ਤੇ ਆਮ ਆਦਮੀ ਪਾਰਟੀ ਦੀਆ ਨੀਤੀਆਂ ਪੰਜਾਬ ਵਿੱਚ ਫੇਲ੍ਹ ਸਾਬਤ ਹੋ ਚੁੱਕੀਆਂ ਹਨ। ਜਿਸ ਵਿਰੁੱਧ ਅਸੀਂ ਜਿਮਨੀ ਚੋਣ ਵਿਧਾਨ ਸਭਾ ਹਲਕੇ ਵਿੱਚ ਸ. ਮਨਦੀਪ ਸਿੰਘ ਨੂੰ ਖੜ੍ਹਾ ਕੀਤਾ ਹੈ ਤਾਂ ਕਿ ਪੰਜਾਬੀ ਤੇ ਸਿੱਖ ਕੌਮ ਉਨ੍ਹਾਂ ਨੂੰ ਸ਼ਾਨ ਨਾਲ ਜਿਤਾ ਕੇ ਬਦੀ ਨੂੰ ਸਦਾ ਲਈ ਦਫਨਾ ਸਕਣ ਅਤੇ ਨੇਕੀ ਦੀ ਫ਼ਤਹਿ ਤੇ ਬੋਲਬਾਲਾ ਕਰ ਸਕਣ। ਉਨ੍ਹਾਂ ਉਮੀਦ ਪ੍ਰਗਟ ਕੀਤੀ ਕਿ ਤਰਨਤਾਰਨ ਵਿਧਾਨ ਸਭਾ ਹਲਕੇ ਦੇ ਨਿਵਾਸੀ ਸੱਚ ਤੇ ਪਹਿਰਾ ਦੇਣ ਵਾਲੇ ਸਾਂਝੇ ਉਮੀਦਵਾਰ ਨੂੰ ਸ਼ਾਨਦਾਰ ਜਿੱਤ ਬਖਸ਼ਣਗੇ।

ਨਿਊਯਾਰਕ ਵਿਖੇ ਮੇਅਰ ਦੀ ਚੋਣ ਜਿੱਤੇ ਜ਼ੋਹਰਾਨ ਮਮਦਾਨੀ ਦੀ ਹੋਈ ਇਤਿਹਾਸਿਕ ਜਿੱਤ ਉੱਤੇ ਸ. ਮਾਨ ਨੇ ਮੁਬਾਰਕਬਾਦ ਭੇਜੀ

ਫ਼ਤਹਿਗੜ੍ਹ ਸਾਹਿਬ, 06 ਨਵੰਬਰ 2025- "ਅਮਰੀਕਾ ਦੇ ਨਿਊਯਾਰਕ ਸਿਟੀ ਦੇ ਮੇਅਰ ਦੇ ਅਹੁੱਦੇ ਦੀ ਹੁਣੇ ਹੀ ਹੋਈ ਚੋਣ ਵਿੱਚ ਜੋ ਇੱਕ ਮੁਸਲਿਮ ਸਖਸ਼ੀਅਤ ਜ਼ੋਹਰਾਨ ਮਮਦਾਨੀ ਨੇ ਮੌਜੂਦਾ ਸਰਕਾਰ ਦੇ ਵਿਰੁੱਧ ਡੱਟ ਕੇ ਚੋਣ ਲੜਦੇ ਹੋਏ ਜਿੱਥੇ ਇਤਿਹਾਸਿਕ ਜਿੱਤ ਦਰਜ ਕੀਤੀ ਹੈ ਅਤੇ ਸਮੁੱਚੇ ਸੰਸਾਰ ਨੂੰ ਸੱਚ-ਹੱਕ ਉੱਤੇ ਪਹਿਰਾ ਦੇਣ ਦਾ ਇਨਸਾਨੀਅਤ ਪੱਖੀ ਸੰਦੇਸ਼ ਦਿੱਤਾ ਹੈ। ਇਸ ਹੋਈ ਸ਼ਾਨਦਾਨ ਜਿੱਤ ਉੱਤੇ ਜਿੱਥੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਸ੍ਰੀ ਜ਼ੋਹਰਾਨ ਮਮਦਾਨੀ, ਉਸਦੇ ਪਰਿਵਾਰ ਤੇ ਉਸਦੇ ਸਹਿਯੋਗੀਆਂ ਨੂੰ ਹਾਰਦਿਕ ਮੁਬਾਰਕਬਾਦ ਭੇਜਦੇ ਹੋਏ ਇਸ ਖੁਸ਼ੀ ਵਿੱਚ ਸ਼ਮੂਲੀਅਤ ਕਰਦਾ ਹੈ, ਉੱਥੇ ਮੁਸਲਿਮ ਕੌਮ ਦੇ ਇਸ ਪੰਜਾਬ ਨਾਲ ਸੰਬੰਧਤ ਸਖਸ਼ੀਅਤ ਦੀ ਜਿੱਤ ਹੋਣ ਤੇ ਉਨ੍ਹਾਂ ਦੇ ਮਾਣ ਵਿੱਚ ਵਾਧਾ ਹੋਣ ਵਿੱਚ ਹੀ ਵੱਡੀ ਖੁਸ਼ੀ ਮਹਿਸੂਸ ਕਰਦਾ ਹੈ।" ਇਹ ਮੁਬਾਰਕਬਾਦ ਸ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਮਿਸਟਰ ਜ਼ੋਹਰਾਨ ਮਮਦਾਨੀ ਦੀ ਨਿਊਯਾਰਕ ਸਿਟੀ ਦੀ ਮੇਅਰ ਦੀ ਚੋਣ ਵਿੱਚ ਹੋਈ ਇਤਿਹਾਸਿਕ ਜਿੱਤ ਉੱਤੇ ਉਨ੍ਹਾਂ ਤੇ ਉਨ੍ਹਾਂ ਦੇ ਸਮਰੱਥਕਾਂ ਨੂੰ ਅਤੇ ਸਮੁੱਚੀ ਮੁਸਲਿਮ ਕੌਮ ਤੇ ਪੰਜਾਬੀਆਂ ਨੂੰ ਹਾਰਦਿਕ ਮੁਬਾਰਕਬਾਦ ਦਿੰਦੇ ਹੋਏ ਦਿੱਤੀ। ਇੱਥੇ ਇਹ ਵਰਣਨ ਕਰਨਾ ਜਰੂਰੀ ਹੈ ਕਿ ਸ੍ਰੀ ਮਮਦਾਨੀ ਨੇ ਇਸ 84 ਲੱਖ ਦੀ ਆਬਾਦੀ ਵਾਲੇ ਨਿਊਯਾਰਕ ਸ਼ਹਿਰ ਵਿੱਚ ਜੋ ਸ਼ਾਨਦਾਰ

ਜਿੱਤ ਪ੍ਰਾਪਤ ਕੀਤੀ ਹੈ ਉਹ ਉਨ੍ਹਾਂ ਦੇ ਮਨੁੱਖਤਾ, ਇਨਸਾਨੀਅਤ ਪੱਖੀ ਜਿੰਮੇਵਾਰੀਆਂ ਨਿਭਾਉਣ ਅਤੇ ਵਿਸ਼ੇਸ਼ ਤੌਰ ਤੇ ਕਿਰਤੀਆਂ, ਮਜਦੂਰਾਂ ਦੇ ਗੰਭੀਰ ਮਸਲਿਆਂ ਦੇ ਹੱਲ ਨੂੰ ਸੰਜੀਦਗੀ ਨਾਲ ਤਰਜੀਹ ਦੇਣ ਦਾ ਆਹਦ ਕਰਕੇ ਇਹ ਜਿੱਤ ਪ੍ਰਾਪਤ ਹੋਈ ਹੈ। ਇਹ ਵੀ ਦੇਖਣ ਵਿੱਚ ਆਇਆ ਹੈ ਕਿ ਜਦੋਂ ਕਿਸੇ ਮੁਲਕ ਵਿੱਚ ਜਾਂ ਸੂਬੇ ਵਿੱਚ ਵੱਸਣ ਵਾਲੀਆਂ ਘੱਟ ਗਿਣਤੀ ਕੌਮਾਂ, ਮਜਲੂਮਾਂ, ਲੋੜਵੰਦਾਂ ਅਤੇ ਦਬਲੇ ਕੁੱਚਲੇ ਨਿਵਾਸੀਆਂ ਦੇ ਹੁਕਮਰਾਨ ਜ਼ਬਰੀ ਹੱਕ ਮਾਰਨ ਅਤੇ ਉਨ੍ਹਾਂ ਉੱਤੇ ਜਬਰ ਢਾਹੁਣ ਦਾ ਅਮਲ ਕਰਦੇ ਹਨ ਤਾਂ ਉਨ੍ਹਾਂ ਦੇ ਹੱਕ ਵਿੱਚ ਅਤੇ ਬੇ-ਇਨਸਾਫੀ ਵਿਰੁੱਧ ਆਵਾਜ ਉਠਾਉਣ ਵਾਲੀ ਸ੍ਰੀ ਮਮਦਾਨੀ ਵਰਗੀ ਸ਼ਖਸੀਅਤ ਨੂੰ ਲੋਕ ਆਪਣੇ ਮਨ-ਆਤਮਾ ਤੇ ਸਤਿਕਾਰ ਮਾਣ ਨਾਲ ਬਿਠਾ ਕੇ ਵੱਡੇ ਮਾਣ ਸਤਿਕਾਰ ਪ੍ਰਦਾਨ ਕਰਦੇ ਹਨ। ਜਿਸ ਨਾਲ ਜਮਹੂਰੀਅਤ ਅਤੇ ਅਮਨਮਈ ਅਮਲਾਂ ਵੱਲ ਗੱਲ ਵੱਧਦੀ ਹੈ। ਸਾਨੂੰ ਇਸ ਗੱਲ ਦੀ ਜਿੱਥੇ ਖੁਸ਼ੀ ਹੈ ਅਤੇ ਇਸ ਜਿੱਤ ਉੱਤੇ ਮਾਣ ਵੀ ਹੈ।

ਬੀਬੀ ਤੇਜ ਕੌਰ ਮੁੰਬਈ

ਬਾਗੀ ਮੈਗਜ਼ੀਨ ਦੇ ਇਸ ਅੰਕ ਦੀ ਪ੍ਰਿੰਟਿੰਗ ਦੀ ਨਿਸ਼ਕਾਮ ਸੇਵਾ ਬੀਬੀ ਤੇਜ ਕੌਰ ਮੁੰਬਈ ਅਤੇ ਬੀਬੀ ਰਸ਼ਪਿੰਦਰ ਕੌਰ ਗਿੱਲ ਅੰਮ੍ਰਿਤਸਰ ਵੱਲੋਂ ਕਰਵਾਈ ਗਈ।

ਬੀਬੀ ਰਸ਼ਪਿੰਦਰ ਕੌਰ ਗਿੱਲ ਅੰਮ੍ਰਿਤਸਰ

ਅੰਕ 9 ਨਵੰਬਰ 2025

ਮੈਗਜ਼ੀਨ

ਬਾਗ਼ੀ

ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ)

ਸੰਪਾਦਕ-ਰਸ਼ਪਿੰਦਰ ਕੌਰ ਗਿੱਲ

ਗੰਨੇ ਦੀ ਫ਼ਸਲ ਦਾ ਕਰੋੜਾਂ ਰੁਪਇਆ ਦਾ ਬਕਾਇਆ ਵਿਆਜ ਸਹਿਤ ਕਿਸਾਨਾਂ ਨੂੰ ਭੁਗਤਾਨ ਕੀਤਾ ਜਾਵੇ: ਮਾਨ

ਫ਼ਤਹਿਗੜ੍ਹ ਸਾਹਿਬ, 07 ਨਵੰਬਰ 2025-"ਸੈਂਟਰ ਅਤੇ ਪੰਜਾਬ ਦੀਆਂ ਸਰਕਾਰਾਂ ਕਿਸਾਨਾਂ ਨੂੰ ਹੁਕਮ ਕਰਦੀਆਂ ਹਨ ਕਿ ਉਹ ਝੋਨੇ ਅਤੇ ਕਣਕ ਦੀ ਫ਼ਸਲ ਪੈਦਾ ਕਰਨੀ ਬੰਦ ਕਰਕੇ ਹੋਰ ਫ਼ਸਲਾਂ ਅਤੇ ਸਬਜ਼ੀਆਂ ਦੀ ਪੈਦਾਵਾਰ ਕਰਨ। ਪਰ ਜਦੋਂ ਕਿਸਾਨ ਸਰਕਾਰੀ ਪਾਲਸੀਆਂ ਨੂੰ ਮੰਨਦੇ ਹੋਏ ਗੰਨੇ ਦੀ ਫ਼ਸਲ ਪੈਦਾ ਕਰਦਾ ਹੈ ਤਾਂ ਉਸ ਨੂੰ ਇੱਕ ਤਾਂ ਗੰਨਾਂ ਮਿੱਲਾਂ ਗੰਨੇ ਦੀ ਸਹੀ ਕੀਮਤ ਅਦਾ ਨਹੀਂ ਕਰਦੀਆਂ। ਫਿਰ ਗੰਨੇ ਦੀ ਫ਼ਸਲ ਦਾ ਕਰੋੜਾਂ ਰੁਪਏ ਦਾ ਬਕਾਇਆ ਜੋ ਕਿਸਾਨਾਂ ਨੂੰ ਦੇਣਾ ਹੈ, ਉਹ ਲੰਮੇਂ ਸਮੇਂ ਤੋਂ ਖੜ੍ਹਾ ਹੈ। ਫਿਰ ਕਿਸਾਨੀ ਪੈਦਾਵਾਰ ਦੀ ਕੌਮਾਂਤਰੀ ਮੰਡੀਕਰਨ ਦੀ ਜਿੰਮੇਵਾਰੀ ਸਰਕਾਰ ਵੱਲੋਂ ਨਾ ਨਿਭਾਉਣ ਦੀ ਬਦੌਲਤ ਕਿਸਾਨੀ ਕਿੱਤਾ ਘਾਟੇ ਦਾ ਸੌਦਾ ਬਣਦਾ ਜਾ ਰਿਹਾ ਹੈ। ਇਹੀ ਵਜ੍ਹਾ ਹੈ ਕਿ ਕਿਸਾਨ ਦੀ ਫ਼ਸਲ ਦੀ ਲਾਗਤ ਵੀ ਪੂਰੀ ਨਾ ਹੋਣ ਦੀ ਬਦੌਲਤ ਖੁਦਕੁਸ਼ੀਆਂ ਦੇ ਰਾਹ ਪੈ ਰਿਹਾ ਹੈ। ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਇਹ ਮੰਗ ਕਰਦਾ ਹੈ ਕਿ ਗੰਨੇ ਦੀ ਫ਼ਸਲ ਦਾ ਕਿਸਾਨਾਂ ਦਾ ਕਰੋੜਾਂ ਰੁਪਏ ਦਾ ਬਕਾਇਆ ਪੰਜਾਬ ਸਰਕਾਰ ਅਤੇ ਗੰਨਾਂ ਮਿੱਲਾਂ ਤੁਰੰਤ ਵਿਆਜ ਸਹਿਤ ਭੁਗਤਾਨ ਕਰਨ ਦਾ ਪ੍ਰਬੰਧ ਕਰਨ ਦੇ ਨਾਲ-ਨਾਲ ਜੋ ਉਸਦੀ ਲਾਗਤ ਕੀਮਤ ਵੱਧਦੀ ਜਾ ਰਹੀ ਹੈ, ਇਸ ਲਈ ਗੰਨੇ ਦੀ ਮਾਰਕਿਟ ਕੀਮਤ ਵੀ ਉਸੇ ਰੇਸੋ ਨਾਲ ਵਧਾਈ ਜਾਵੇ।" ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਅੱਜ ਵੀ ਗਰੀਬ ਕਿਸਾਨਾਂ ਵੱਲੋਂ ਖੁਦਕੁਸ਼ੀਆਂ ਕਰਨ ਦੇ ਹੋ ਰਹੇ ਦੁੱਖਦਾਇਕ ਅਮਲ, ਖੰਡ ਮਿੱਲਾਂ ਅਤੇ ਸਰਕਾਰ ਵੱਲੋਂ ਗੰਨੇ ਦੇ ਬਕਾਏ ਦਾ ਲੰਮੇਂ ਸਮੇਂ ਤੋਂ ਭੁਗਤਾਨ ਨਾ ਕੀਤੇ ਜਾਣ ਦੇ ਬੇਇਨਸਾਫ਼ੀ ਵਾਲੇ ਅਮਲਾਂ ਦੀ ਪੁਰਜੋਰ ਸ਼ਬਦਾਂ ਵਿੱਚ ਨਿਖੇਧੀ ਕਰਦੇ ਹੋਏ ਅਤੇ ਇਹ ਬਕਾਇਆ ਤੁਰੰਤ ਵਿਆਜ ਸਹਿਤ ਕਿਸਾਨਾਂ ਦੇ ਖਾਤੇ ਵਿੱਚ ਭੁਗਤਾਨ ਕਰਨ ਦੀ ਅਪੀਲ ਕਰਦੇ ਹੋਏ ਪ੍ਰਗਟ ਕੀਤੇ। ਉਨ੍ਹਾਂ ਕਿਹਾ ਕਿ ਜੇਕਰ ਜਿੰਮੀਦਾਰ ਆਲੂ, ਗੰਨਾਂ, ਮਟਰ, ਭਿੰਡੀ, ਗੋਭੀ ਆਦਿ ਦੀ ਪੈਦਾਵਾਰ ਕਰਦਾ ਹੈ ਤਾਂ ਉਸਦੀ ਸਹੀ ਕੀਮਤ ਤੇ ਇੱਕ ਤਾਂ ਖਰੀਦ ਨਾ ਹੋਣ ਕਾਰਨ, ਜੰਗਲੀ ਸੂਰ ਅਤੇ ਅਵਾਰਾ ਡੰਗਰਾਂ ਦੀ ਬਦੌਲਤ ਇਹ ਫ਼ਸਲਾਂ ਦਾ ਬਹੁਤ ਵੱਡਾ ਨੁਕਸਾਨ ਹੋ ਰਿਹਾ ਹੈ। ਇਸ ਵਿਸ਼ੇ ਤੇ ਸਰਕਾਰਾਂ ਕੁੰਭਕਰਨੀ ਨੀਂਦ ਸੁੱਤੀਆਂ ਪਈਆਂ ਹਨ ਅਤੇ ਜਿੰਮੀਦਾਰ ਅੱਜ ਵੱਡੇ ਭੰਬਲਭੂਸੇ ਵਿੱਚ ਅਤੇ ਮਾੜੀ ਮਾਲੀ ਹਾਲਤ ਵਿੱਚ ਗੁਜਰ ਰਿਹਾ ਹੈ। ਜਦੋਂ ਕਿ ਰੰਘਰੇਟਿਆਂ, ਖੇਤ-ਮਜ਼ਦੂਰਾਂ ਅਤੇ ਕਿਸਾਨਾਂ ਦੀ ਦਿਨ-ਪਰ-ਦਿਨ ਅਤਿ ਬਦਤਰ ਹਾਲਾਤ ਹੁੰਦੀ ਜਾ ਰਹੀ ਹੈ। ਰੰਘਰੇਟਿਆਂ ਦੇ ਘਰਾਂ ਵਿੱਚ ਨਾ ਤਾਂ ਗੈਸ ਹੈ ਨਾ ਉਨ੍ਹਾਂ ਦੇ ਡੰਗਰ ਵੱਛਾ ਬੰਨਣ ਲਈ ਸਥਾਨ ਹਨ। ਅਵਾਰਾ ਗਊਆਂ ਜਿੱਥੇ ਫ਼ਸਲਾਂ ਉਜਾੜ ਰਹੀਆਂ ਹਨ ਉੱਥੇ ਨਿੱਤ ਦਿਹਾੜੇ ਵੱਡੇ ਹਾਦਸਿਆਂ ਦਾ ਕਾਰਨ ਵੀ ਬਣ ਰਹੀਆਂ ਹਨ। ਰੰਘਰੇਟਿਆਂ ਅਤੇ ਜਿੰਮੀਦਾਰਾਂ ਦੇ ਬੱਚਿਆਂ ਦੇ ਰੁਜਗਾਰ ਲਈ ਕੋਈ ਯੋਜਨਾ ਨਹੀਂ ਅਤੇ ਨਾ ਹੀ ਸਰਕਾਰਾਂ ਇਸ ਗੰਭੀਰ ਵਿਸ਼ੇ ਤੇ ਸੰਜ਼ੀਦਾ ਹਨ। ਗੁੱਜਰਾਂ ਦੇ ਵੱਡੀ ਗਿਣਤੀ ਵਿੱਚ ਡੰਗਰ ਵੀ ਸੜਕਾਂ, ਨਹਿਰਾਂ, ਖਾਈਆਂ ਉੱਤੇ ਲੱਗੇ ਪੌਦਿਆਂ ਨੂੰ ਨੁਕਸਾਨ ਪਹੁੰਚਾਉਣ ਦੇ ਨਾਲ-ਨਾਲ ਫ਼ਸਲਾਂ ਦਾ ਵੀ ਨੁਕਸਾਨ ਕਰ ਰਹੇ ਹਨ। ਸਰਕਾਰ ਵੱਲੋਂ ਇਸਦੀ ਰੋਕਥਾਮ ਲਈ ਕੁਝ ਨਹੀਂ ਕੀਤਾ ਜਾ ਰਿਹਾ।

ਵੰਦੇ ਮਾਤਰਮ ਦੇ ਗਾਇਨ ਨੂੰ ਸਿੱਖ ਕੌਮ ਪ੍ਰਵਾਨ ਨਹੀਂ ਕਰੇਗੀ, ਸਾਡਾ ਗਾਇਨ ਤਾਂ 'ਦੇਹ ਸਿਵਾ ਬਰੁ ਮੋਹਿ ਇਹੈ ਸੁਭ ਕਰਮਨ ਤੇ ਕਬਹੂੰ ਨ ਟਰੋਂ' : ਮਾਨ

ਫ਼ਤਹਿਗੜ੍ਹ ਸਾਹਿਬ, 11 ਨਵੰਬਰ 2025-"ਹਿੰਦੂਤਵ ਹੁਕਮਰਾਨ ਸਮੁੱਚੇ ਮੁਲਕ ਨਿਵਾਸੀਆਂ ਜਿਨ੍ਹਾਂ ਵਿੱਚ ਵੱਖ-ਵੱਖ ਵਰਗਾਂ, ਕੌਮਾਂ, ਧਰਮਾਂ, ਫਿਰਕਿਆਂ ਤੇ ਕਬੀਲਿਆਂ ਦੇ ਲੋਕ ਵੱਸਦੇ ਹਨ, ਉਨ੍ਹਾਂ ਉੱਤੇ ਜ਼ਬਰੀ ਵੰਦੇ ਮਾਤਰਮ ਦੇ ਗਾਇਨ ਨੂੰ ਲਾਗੂ ਕਰਨ ਦੇ ਅਮਲ ਕਰਕੇ ਹੁਕਮਰਾਨ ਭਗਵਾਕਰਨ ਕਰਨ ਵੱਲ ਵੱਧ ਰਹੇ ਹਨ। ਪਰ ਸਿੱਖ ਕੌਮ ਜਿਸਦਾ ਇਤਿਹਾਸ ਆਪਣੀ ਅਣਖ-ਗੈਰਤ ਨੂੰ ਹਮੇਸ਼ਾਂ ਬੁਲੰਦ ਕਰਦਾ ਹੈ ਅਤੇ ਜਿਨ੍ਹਾਂ ਦੀ ਆਪਣੀ ਵੱਖਰੀ ਅਣਖੀਲੀ ਪਹਿਚਾਣ ਹੈ ਉਹ ਇਸ ਜ਼ਬਰੀ ਥੋਪੇ ਜਾ ਰਹੇ ਗਾਇਨ ਨੂੰ ਬਿਲਕੁਲ ਪ੍ਰਵਾਨ ਨਹੀਂ ਕਰੇਗੀ। ਕਿਉਂਕਿ ਸਾਡਾ ਗਾਇਨ ਤਾਂ 'ਦੇਹ ਸਿਵਾ ਬਰੁ ਮੋਹਿ ਇਹੈ ਸੁਭ ਕਰਮਨ ਤ ਕਬਹੂੰ ਨ ਟਰੋਂ' ਹੈ। ਜਿਸ

ਅੰਕ 9 ਨਵੰਬਰ 2025

ਮੈਗਜ਼ੀਨ

ਬਾਗ਼ੀ

ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ)

ਸੰਪਾਦਕ-ਰਸ਼ਪਿੰਦਰ ਕੌਰ ਗਿੱਲ

ਉੱਤੇ ਅਸੀਂ ਨਿਰੰਤਰ ਦ੍ਰਿੜਤਾ ਨਾਲ ਪਹਿਰਾ ਦਿੰਦੇ ਆ ਰਹੇ ਹਾਂ।" ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਹੁਕਮਰਾਨਾਂ ਵੱਲੋਂ ਇੱਥੇ ਵੱਸਣ ਵਾਲੀਆਂ ਸਭ ਵੱਖ-ਵੱਖ ਕੌਮਾਂ, ਧਰਮਾਂ ਅਤੇ ਕਬੀਲਿਆਂ ਉੱਤੇ ਆਪਣੀ ਹਿੰਦੂਤਵ ਸੋਚ ਨੂੰ ਜ਼ਬਰੀ ਲਾਗੂ ਕਰਨ ਦੇ ਅਮਲਾਂ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕਰਦੇ ਹੋਏ ਆਪਣੇ 'ਦੇਹ ਸਿਵਾ ਬਰੁ ਮੋਹਿ ਇਹੈ ਸੁਭ ਕਰਮਨ ਤ ਕਬਹੂੰ ਨ ਟਰੌਂ' ਉੱਤੇ ਪਹਿਰਾ ਦੇਣ ਦੇ ਹੁੰਦੇ ਆ ਰਹੇ ਅਮਲਾਂ ਦੀ ਗੱਲ ਕਰਦੇ ਹੋਏ ਪ੍ਰਗਟ ਕੀਤੇ। ਉਨ੍ਹਾਂ ਕਿਹਾ ਕਿ ਹੁਕਮਰਾਨ ਪੰਜਾਬੀਆਂ ਤੇ ਸਿੱਖਾਂ ਨੂੰ ਮਾਲੀ ਤੌਰ ਤੇ ਨੁਕਸਾਨ ਪਹੁੰਚਾਉਣ ਹਿੱਤ ਹੀ ਲੰਮੇ ਸਮੇਂ ਤੋਂ ਵਪਾਰ ਲਈ ਸਰਹੱਦਾਂ ਨਹੀਂ ਖੋਲ੍ਹ ਰਹੇ ਤਾਂ ਕਿ ਮਾਲੀ ਤੌਰ ਤੇ ਪੰਜਾਬੀ ਮਜਬੂਤ ਨਾ ਹੋ ਸਕਣ। ਇਸੇ ਤਰ੍ਹਾਂ ਕਸ਼ਮੀਰ ਵਿੱਚ ਨੌਜਵਾਨਾਂ ਵੱਲੋਂ ਦ੍ਰਿੜਤਾ ਨਾਲ ਆਪਣੀ ਆਵਾਜ ਉਠਾਈ ਜਾ ਰਹੀ ਹੈ ਜੋ ਲਹਿਰ ਬਣਦੀ ਪ੍ਰਤੱਖ ਹੋ ਰਹੀ ਹੈ। ਚੰਗਾ ਹੋਵੇ ਜੇਕਰ ਸਰਹੱਦੀ ਸੂਬੇ ਕਸ਼ਮੀਰ ਦੀ ਖੁਦਮੁਖਤਿਆਰੀ ਦੀ ਕੁੱਚਲੀ ਗਈ ਧਾਰਾ 370 ਅਤੇ 35ਏ ਨੂੰ ਬਹਾਲ ਕਰ ਦਿੱਤਾ ਜਾਵੇ। ਜੋ ਦਿੱਲੀ ਵਿੱਚ ਬੀਤੇ ਦਿਨੀਂ ਬੰਬ ਬਲਾਸਟ ਹੋਇਆ ਹੈ ਇਹ ਬਿਹਾਰ ਚੋਣਾਂ ਨੂੰ ਮੱਦੇਨਜਰ ਰੱਖ ਕੇ ਕਿਸੇ ਯੋਜਨਾ ਦਾ ਹਿੱਸਾ ਹੋਣ ਤੋ ਇਨਕਾਰ ਨਹੀਂ ਕੀਤਾ ਜਾ ਸਕਦਾ। ਕਿਉਂਕਿ ਜਦੋਂ ਵੀ ਮੁਲਕ ਦੀਆਂ ਕੋਈ ਚੋਣਾਂ ਹੁੰਦੀਆਂ ਹਨ ਤਾਂ ਹੁਕਮਰਾਨ ਖੁਦ ਹੀ ਕੋਈ ਵੱਡੀ ਘਟਨਾ ਨੂੰ ਅੰਜਾਮ ਦੇ ਕੇ ਬਹੁਗਿਣਤੀ ਨਿਵਾਸੀਆਂ ਨੂੰ ਆਪਣੇ ਪੱਖ ਵਿੱਚ ਕਰਨ ਦੇ ਅਮਲ ਕਰਦਾ ਹੈ। ਇਸ ਬੰਬ ਬਲਾਸਟ ਦੀ ਤਫਤੀਸ਼ ਤਾਂ ਫੌਰੀ ਕਰਨ ਦੇ ਹੁਕਮ ਕਰ ਦਿੱਤੇ ਗਏ ਹਨ। ਜਦੋਂ ਕਿ ਬੀਤੇ ਸਮੇਂ ਵਿੱਚ ਜਦੋਂ 1984 ਵਿੱਚ ਸਿੱਖਾਂ ਦੇ ਕਤਲੇਆਮ ਦਾ ਵੱਡਾ ਦੁਖਾਂਤ ਵਾਪਰਿਆ, ਉਸਦੀ ਅੱਜ ਤੱਕ ਜਾਂਚ ਨਹੀਂ ਕਰਵਾਈ ਗਈ। ਜਦੋਂ ਕਿ ਪੁਲਿਸ ਨੇ ਕਾਤਲਾਂ ਨੂੰ ਸਿੱਖਾਂ ਦੇ ਘਰ ਦਿਖਾਉਣ ਦੇ ਇਹ ਅਮਲ ਕੀਤੇ ਸਨ ਕਿ ਇਹ ਘਰ ਕਿੱਥੇ-ਕਿੱਥੇ ਹਨ। ਇੱਥੋਂ ਤੱਕ ਗੱਲਾਂ ਤਾਂ ਹੁਕਮਰਾਨ ਜਮਹੂਰੀਅਤ, ਅਮਨ ਚੈਨ ਦੀਆਂ ਕਰਦੇ ਹਨ। ਪਰ ਸਾਡੀ ਸਿੱਖ ਪਾਰਲੀਮੈਂਟ ਐਸ.ਜੀ.ਪੀ.ਸੀ ਦੀਆਂ ਬੀਤੇ 14 ਸਾਲਾਂ ਤੋਂ ਜਮਹੂਰੀਅਤ ਕਤਲ ਕਰਕੇ ਚੋਣਾਂ ਹੀ ਨਹੀਂ ਕਰਵਾਈਆਂ ਜਾ ਰਹੀਆਂ। ਸਿੱਖਾਂ ਦੇ ਕਿਸੇ ਵੀ ਸੰਜ਼ੀਦਾ ਮਸਲਿਆਂ ਨੂੰ ਹੱਲ ਨਹੀਂ ਕੀਤਾ ਗਿਆ। 1966 ਦੀ ਵੰਡ ਸਮੇਂ ਸਾਡੇ ਪੰਜਾਬ ਦੇ ਪੰਜਾਬੀ ਬੋਲਦੇ ਇਲਾਕੇ ਜਬਰੀ ਹਰਿਆਣਾ, ਹਿਮਾਚਲ, ਰਾਜਸਥਾਨ ਨੂੰ ਦੇ ਦਿੱਤੇ ਗਏ। ਸਾਡੀ ਪੰਜਾਬ ਦੀ ਰਾਜਧਾਨੀ ਜੋ ਪੰਜਾਬ ਦੀ ਮਲਕੀਅਤ ਦੇ 28 ਪਿੰਡਾਂ ਨੂੰ ਉਜਾੜ ਕੇ ਬਣਾਇਆ ਗਿਆ ਸੀ, ਉਸ ਚੰਡੀਗੜ੍ਹ ਦੀ ਰਾਜਧਾਨੀ ਵਿੱਚ ਜਬਰੀ ਗੈਰ ਕਾਨੂੰਨੀ ਢੰਗ

ਨਾਲ ਹਰਿਆਣੇ ਦੀ ਯੂਸਪੈਠ ਕਰਵਾਉਣ ਦੇ ਲੰਮੇ ਸਮੇਂ ਤੋਂ ਅਮਲ ਕੀਤੇ ਜਾਂਦੇ ਆ ਰਹੇ ਹਨ। ਭਾਖੜਾ ਬਿਆਸ ਮੈਨੇਜਮੈਟ ਬੋਰਡ ਦੇ ਪ੍ਰਬੰਧ ਵਿੱਚ ਜਦੋਂ ਲੰਮੇ ਸਮੇਂ ਤੋਂ ਪੰਜਾਬ ਦੀ ਸਰਦਾਰੀ ਰਹੀ ਹੈ, ਤਾਂ ਉਸ ਨੂੰ ਮੰਦਭਾਵਨਾ ਅਧੀਨ ਘਟਾ ਕੇ ਹਰਿਆਣੇ ਦੀ ਅਫਸਰਸ਼ਾਹੀ ਦੀ ਗਿਣਤੀ ਵਧਾਈ ਗਈ ਹੈ। ਸਾਡੇ ਬਿਜਲੀ ਪੈਦਾ ਕਰਨ ਵਾਲੇ ਹੈਂਡਵਰਕਸਾਂ ਦਾ ਜ਼ਬਰੀ ਸੈਂਟਰ ਨੇ ਕੰਟਰੋਲ ਕਰ ਲਿਆ ਹੈ। ਪਹਿਲੇ ਸੈਂਟਰ ਦੇ ਗ੍ਰਹਿ, ਰੱਖਿਆ, ਵਿੱਤ ਅਤੇ ਵਿਦੇਸ਼ ਵਿਭਾਗਾਂ ਵਿੱਚੋਂ ਇੱਕ ਮੰਤਰਾਲਾ ਸਿੱਖਾਂ ਦੇ ਹਵਾਲੇ ਕਰਕੇ ਸਨਮਾਨ ਦਿੱਤਾ ਜਾਂਦਾ ਰਿਹਾ ਹੈ। ਪਰ ਇਹ ਰਵਾਇਤ ਵੀ ਖਤਮ ਕਰ ਦਿੱਤੀ ਗਈ ਹੈ। ਸੁਪਰੀਮ ਕੋਰਟ ਜਾਂ ਵੱਖ-ਵੱਖ ਹਾਈਕੋਰਟਾਂ ਦੇ ਮੁੱਖ ਜੱਜਾਂ ਵਿੱਚੋਂ ਕਿਸੇ ਵੀ ਸਿੱਖ ਨੂੰ ਨਹੀਂ ਲਗਾਇਆ ਜਾ ਰਿਹਾ। ਸਫਾਰਤਖਾਨਿਆ ਦੇ ਸਫੀਰਾਂ ਵਿੱਚ ਵੀ ਕਿਸੇ ਸਿੱਖ ਨੂੰ ਨਹੀਂ ਲਗਾਇਆ ਜਾ ਰਿਹਾ। ਮੁੱਖ ਚੋਣ ਕਮਿਸ਼ਨਰ ਅਤੇ ਗਵਰਨਰ ਵੀ ਕਦੀ ਸਿੱਖ ਨੂੰ ਨਹੀਂ ਲਗਾਇਆ ਜਾਂਦਾ। ਚੰਡੀਗੜ੍ਹ ਵਿੱਚ ਜੋ ਅਫਸਰਸ਼ਾਹੀ ਦੀ 60-40% ਦੀ ਰੇਸੋ ਨਾਲ ਪੰਜਾਬ ਤੇ ਹਰਿਆਣੇ ਦੀ ਭਰਤੀ ਕਰਨ ਦੇ ਨਿਯਮ ਹਨ, ਉਨ੍ਹਾਂ ਦਾ ਉਲੰਘਣ ਕਰਕੇ ਹਰਿਆਣਾ, ਹਿਮਾਚਲ ਆਦਿ ਸੂਬਿਆਂ ਦੀ ਅਫਸਰਸ਼ਾਹੀ ਦੀ ਅਜਾਰੇਦਾਰੀ ਕਾਇਮ ਕੀਤੀ ਜਾ ਰਹੀ ਹੈ। ਜਿਸ ਤੋਂ ਪ੍ਰਤੱਖ ਹੈ ਕਿ ਚੰਡੀਗੜ੍ਹ ਉੱਤੇ ਪੰਜਾਬ ਦੇ ਅਧਿਕਾਰ ਤੇ ਹੱਕ ਨੂੰ ਸਾਜਸੀ ਢੰਗ ਨਾਲ ਕੰਮਜੋਰ ਕੀਤਾ ਜਾ ਰਿਹਾ ਹੈ। ਸਾਡੀਆਂ ਯੂਨੀਵਰਸਿਟੀਆਂ ਦਾ ਭਗਵਾਕਰਨ ਦੇ ਅਮਲ ਕੀਤੇ ਜਾ ਰਹੇ ਹਨ। ਜਦੋਂ ਕਿਸੇ ਗੁਆਂਢੀ ਮੁਲਕ ਉੱਤੇ ਹਮਲਾ ਕਰਨਾ ਹੁੰਦਾ ਹੈ ਤਾਂ ਸਿੱਖ ਜਰਨੈਲਾਂ ਤੇ ਫ਼ੌਜਾਂ ਨਾਲ ਸਲਾਹ ਮਸ਼ਵਰਾ ਕੀਤਾ ਜਾਂਦਾ ਹੈ। ਹੁਣ ਇਹ ਅੱਛਾ ਅਮਲ ਖਤਮ ਕਰ ਦਿੱਤਾ ਗਿਆ ਹੈ ਅਤੇ ਸਿੱਖਾਂ ਨੂੰ ਕਿਸੇ ਵੀ ਮਸਲੇ ਵਿੱਚ ਪੁੱਛਿਆ ਨਹੀਂ ਜਾ ਰਿਹਾ। ਜਦੋਂ ਵੀ ਜੰਗ ਲੱਗਦੀ ਹੈ ਤਾਂ ਅਕਸਰ ਹੀ ਸਰਹੱਦੀ ਸੂਬੇ ਪੰਜਾਬ ਵਿੱਚ ਵੱਸਣ ਵਾਲੇ ਸਿੱਖਾਂ ਦਾ ਹੀ ਮਾਲੀ, ਜਾਨੀ ਨੁਕਸਾਨ ਹੁੰਦਾ ਹੈ। ਇਸ ਹੁੰਦੀ ਆ ਰਹੀ ਗੈਰ ਇਖਲਾਕੀ, ਗੈਰ ਕਾਨੂੰਨੀ ਅਤੇ ਗੈਰ ਸਮਾਜਿਕ ਅਮਲਾਂ ਦੀ ਬਦੌਲਤ ਹਾਲਾਤ ਅਤਿ ਬਦਤਰ ਬਣਦੇ ਜਾ ਰਹੇ ਹਨ। ਇਸ ਲਈ ਜਰੂਰੀ ਹੈ ਕਿ ਹੁਕਮਰਾਨ ਆਪਣੇ ਪ੍ਰਬੰਧ ਵਿੱਚ ਪੰਜਾਬੀਆਂ ਅਤੇ ਸਿੱਖਾਂ ਦੀ ਚੱਲਦੀ ਆ ਰਹੀ ਸ਼ਮੂਲੀਅਤ ਨੂੰ ਖਤਮ ਕਰਨ ਦੇ ਅਮਲਾਂ ਤੋਂ ਤੋਬਾ ਕਰਕੇ ਸਹੀ ਢੰਗ ਨਾਲ ਨਿਜਾਮ ਚਲਾਉਣ ਦੀ ਜਿੰਮੇਵਾਰੀ ਨਿਭਾਏ ਤਾਂ ਬਿਹਤਰ ਹੋਵੇਗਾ ਵਰਨਾ ਇਹ ਹਾਲਾਤ ਹੱਥੋਂ ਨਿਕਲ ਜਾਣਗੇ। ਜਿਸਦੇ ਨਤੀਜੇ ਕਦਾਚਿਤ ਅਮਨ ਚੈਨ ਤੇ ਜਮਹੂਰੀਅਤ ਕਦਰਾਂ ਕੀਮਤਾਂ ਨੂੰ ਕਾਇਮ ਰੱਖਣ ਲਈ ਅੱਛੇ ਸਾਬਤ ਨਹੀਂ ਹੋਣਗੇ।

ਅੰਕ 9 ਨਵੰਬਰ 2025

ਮੈਗਜ਼ੀਨ

ਬਾਗ਼ੀ

ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ)

ਸੰਪਾਦਕ-ਰਸ਼ਪਿੰਦਰ ਕੌਰ ਗਿੱਲ

ਜਿਸ ਐਸ.ਐਸ.ਪੀ ਬੀਬੀ ਨੇ ਤਰਨਤਾਰਨ ਦੇ ਚੋਣ ਪ੍ਰਬੰਧ ਨੂੰ ਸਹੀ ਕਰਨ ਲਈ ਜ਼ਿੰਮੇਵਾਰੀ ਨਿਭਾਈ, ਉਸ ਨੂੰ ਬਦਲ ਦੇਣਾ ਤਾਂ ਵੱਡੀ ਬੇਇਨਸਾਫ਼ੀ: ਮਾਨ

ਫ਼ਤਹਿਗੜ੍ਹ ਸਾਹਿਬ, 12 ਨਵੰਬਰ 2025- "ਤਰਨਤਾਰਨ ਜਿਮਨੀ ਚੋਣ ਹਲਕੇ ਦੀ ਕਾਨੂੰਨੀ ਵਿਵਸਥਾ ਨੂੰ ਸਹੀ ਰੱਖਣ ਹਿੱਤ ਜ਼ਿਲ੍ਹਾ ਤਰਨਤਾਰਨ ਵਿੱਚ ਤਾਇਨਾਤ ਐਸ.ਐਸ.ਪੀ ਬੀਬੀ ਰਵਜੋਤ ਕੌਰ ਗਰੇਵਾਲ ਨੇ ਚੋਣਾਂ ਤੋਂ ਪਹਿਲੇ ਅਤੇ ਪ੍ਰਕਿਰਿਆ ਸ਼ੁਰੂ ਹੋਣ ਉਪਰੰਤ ਬਹੁਤ ਹੀ ਸੁਚੱਜੇ ਢੰਗ ਨਾਲ ਕਾਨੂੰਨੀ ਵਿਵਸਥਾ ਨੂੰ ਸਹੀ ਰੱਖਦੇ ਹੋਏ ਸਾਫ ਸੁਥਰੀਆਂ ਚੋਣਾਂ ਕਰਵਾਉਣ ਦਾ ਪ੍ਰਬੰਧ ਕੀਤਾ ਸੀ। ਇਹੀ ਵਜ੍ਹਾ ਹੈ ਕਿ ਤਰਨਤਾਰਨ ਜਿਮਨੀ ਚੋਣ ਬਹੁਤ ਹੀ ਸ਼ਾਂਤੀਪੂਰਵਕ ਸੰਪਨ ਹੋਈ ਹੈ। ਦੁੱਖ ਅਤੇ ਅਫਸੋਸ ਹੈ ਕਿ ਜਿਸ ਬੀਬੀ ਨੇ ਆਪਣੀ ਜ਼ਿੰਮੇਵਾਰੀ ਤਨਦੇਹੀ ਤੇ ਬਾਖ਼ੂਬੀ ਨਾਲ ਨਿਭਾਉਦੇ ਹੋਏ ਅਜਿਹਾ ਪ੍ਰਬੰਧ ਕੀਤਾ, ਤਾਂ ਉਸਦੀ ਇੱਕ ਮਾਮੂਲੀ ਸ਼ਿਕਾਇਤ ਨੂੰ ਮੁੱਖ ਰੱਖ ਕੇ ਮੁੱਖ ਚੋਣ ਅਫਸਰ ਪੰਜਾਬ ਨੂੰ ਉਨ੍ਹਾਂ ਦੀ ਮੁਅੱਤਲੀ ਕਰਨ ਦੇ ਹੁਕਮ ਕਰ ਦਿੱਤੇ। ਜੋ ਕਿ ਇਸ ਦ੍ਰਿੜ ਇਰਾਦੇ ਵਾਲੀ ਇਮਾਨਦਾਰ ਪੁਲਿਸ ਅਫਸਰ ਦਾ ਅਪਮਾਨ ਕਰਨ ਵਾਲੀ ਅਤੇ ਅੱਛੇ ਪ੍ਰਬੰਧ ਦਾ ਵਿਰੋਧ ਕਰਨ ਵਾਲੇ ਅਮਲ ਹੀ ਹਨ। ਕੀ ਮੁੱਖ ਚੋਣ ਅਫਸਰ ਪੰਜਾਬ ਇਹ ਚਾਹੁੰਦਾ ਸੀ ਕਿ ਤਰਨਤਾਰਨ ਜਿਮਨੀ ਚੋਣ ਵਿੱਚ ਗੜਬੜ ਜਾਂ ਕੋਈ ਵਿਘਨ ਪਵੇ? ਉਪਰੋਕਤ ਅਮਲ ਕਰਕੇ ਚੋਣ ਅਫਸਰ ਪੰਜਾਬ ਨੇ ਇਮਾਨਦਾਰ ਅਫਸਰ ਦੀ ਹੌਂਸਲਾ ਅਫਜਾਈ ਕਰਨ ਦੀ ਬਜਾਇ ਉਨ੍ਹਾਂ ਅਤੇ ਸੁਚੱਜੇ ਪ੍ਰਬੰਧ ਲਈ ਠੇਸ ਪਹੁੰਚਾਉਣ ਦੇ ਹੀ ਅਮਲ ਕੀਤੇ ਹਨ।" ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਤਰਨਤਾਰਨ ਜਿਮਨੀ ਚੋਣ ਹਲਕੇ ਦੇ ਪੁਲਿਸ ਅਫਸਰ ਬੀਬੀ ਰਵਜੋਤ ਕੌਰ ਗਰੇਵਾਲ ਨਾਲ ਕੀਤੀ ਗਈ ਵਧੀਕੀ ਉੱਤੇ ਦ੍ਰਿੜਤਾ ਨਾਲ ਸਹੀ ਵਿਚਾਰ ਪ੍ਰਗਟਾਉਂਦੇ ਹੋਏ ਅਤੇ ਮੁੱਖ ਚੋਣ ਅਫਸਰ ਪੰਜਾਬ ਨੂੰ ਬੀਬੀ ਰਵਜੋਤ ਕੌਰ ਗਰੇਵਾਲ ਦੀ ਕੀਤੀ ਗਈ ਆਧਾਰਹੀਣ ਮੁਅੱਤਲੀ ਨੂੰ ਬਹਾਲ ਕਰਕੇ ਤਰਨਤਾਰਨ ਵਿਖੇ ਹੀ ਇਹ ਜ਼ਿੰਮੇਵਾਰੀ ਸੌਂਪਣ ਦੀ ਗੱਲ ਕਰਦੇ ਹੋਏ ਪ੍ਰਗਟ ਕੀਤੇ। ਉਨ੍ਹਾਂ ਕਿਹਾ ਕਿ ਤਰਨਤਾਰਨ ਜ਼ਿਲ੍ਹਾ ਬਿਲਕੁਲ ਸਰਹੱਦ ਨਾਲ ਲੱਗਦਾ ਉਹ ਜ਼ਿਲ੍ਹਾ ਹੈ ਜਿੱਥੇ ਵੱਡੇ ਪੱਧਰ ਤੇ ਸਮਗਲਿੰਗ, ਕਤਲੋਗਾਰਤ ਅਤੇ ਹੋਰ ਅਪਰਾਧਿਕ ਕਾਰਵਾਈਆਂ ਅਕਸਰ ਹੀ ਹੁੰਦੀਆਂ ਰਹਿੰਦੀਆਂ ਹਨ। ਪਰ ਬੀਬੀ ਗਰੇਵਾਲ ਨੂੰ ਇਸ ਜੋਖਮ ਭਰੀ ਡਿਊਟੀ ਨੂੰ ਇਮਾਨਦਾਰੀ ਨਾਲ ਪੂਰਨ ਕਰਦੇ ਹੋਏ ਉੱਥੇ ਕਾਨੂੰਨੀ ਵਿਵਸਥਾ ਨੂੰ ਕਾਇਮ ਰੱਖਣ ਅਤੇ ਚੋਣ ਜ਼ਿੰਮੇਵਾਰੀ ਨੂੰ ਪਾਰਦਸਤਾ ਨਾਲ ਨਿਭਾਉਣ ਦੇ ਯਤਨ ਕੀਤੇ ਹਨ। ਪਰ ਇਸਦੇ ਬਾਵਜੂਦ ਵੀ ਉਨ੍ਹਾਂ ਨਾਲ ਹੋਇਆ ਇਹ ਧੱਕਾ ਅਸਹਿ ਹੈ। ਜਿਸ ਉੱਤੇ ਮੁੱਖ ਚੋਣ ਅਫਸਰ ਪੰਜਾਬ ਨੂੰ ਤੁਰੰਤ ਗੌਰ ਕਰਕੇ ਉਨ੍ਹਾਂ ਦੇ ਹੋਏ ਅਪਮਾਨ ਅਤੇ ਮੁਅੱਤਲੀ ਨੂੰ ਬਹਾਲ ਕਰਨਾ ਬਣਦਾ ਹੈ। ਉਨ੍ਹਾਂ ਉਮੀਦ ਪ੍ਰਗਟ ਕੀਤੀ ਕਿ ਮੁੱਖ ਚੋਣ ਅਫਸਰ ਪੰਜਾਬ ਇਸ ਵਿਸ਼ੇ ਉੱਤੇ ਹੋਰ ਡੂੰਘਾਈ ਨਾਲ ਜਾਂਚ ਪੜਤਾਲ ਕਰਦੇ ਹੋਏ ਬੀਬੀ ਰਵਜੋਤ ਕੌਰ ਗਰੇਵਾਲ ਨੂੰ ਇਨਸਾਫ ਦੇਣਗੇ ਅਤੇ ਤਰਨਤਾਰਨ ਵਿਖੇ ਬਹਾਲ ਕਰਕੇ ਉਨ੍ਹਾਂ ਦੇ ਮਨ ਨੂੰ ਪਹੁੰਚੀ ਠੇਸ ਨੂੰ ਦੂਰ ਕਰਨਗੇ।

ਜਦੋਂ ਬਹੁਗਿਣਤੀ ਦਾ ਜਾਨੀ ਨੁਕਸਾਨ ਹੋਵੇ ਤਾਂ ਫੌਰੀ ਜਾਂਚ ਅਤੇ ਬਖਸ਼ਾਂਗੇ ਨਹੀਂ ਦੀ ਗੱਲ ਆਉਂਦੀ ਹੈ, ਲੇਕਿਨ ਜਦੋਂ ਸਿੱਖਾਂ ਉੱਤੇ ਅਜਿਹਾ ਅਮਲ ਹੋਵੇ ਤਾਂ ਕੋਈ ਜਾਂਚ ਤੇ ਇਨਸਾਫ਼ ਨਹੀਂ, ਕਿਉਂ?: ਮਾਨ

ਫ਼ਤਹਿਗੜ੍ਹ ਸਾਹਿਬ, 12 ਨਵੰਬਰ 2025- "ਸਿੱਖ ਧਰਮ ਅਤੇ ਸਿੱਖ ਕੌਮ ਦੇ ਇਹ ਮਨੁੱਖਤਾ ਪੱਖੀ ਅਸੂਲ ਅਤੇ ਨਿਯਮ ਹਨ ਕਿ ਕਿਸੇ ਵੀ ਇਨਸਾਨ, ਕੌਮ, ਧਰਮ, ਵਰਗ ਨਾਲ ਕੋਈ ਬੇਇਨਸਾਫ਼ੀ, ਜ਼ਬਰ-ਜ਼ੁਲਮ ਨਾ ਹੋਵੇ ਅਤੇ ਜਿੱਥੇ ਵੀ ਅਜਿਹਾ ਕੁਝ ਹੋਵੇ ਤਾਂ ਫੌਰੀ ਉਸਦੀ ਨਿਰਪੱਖਤਾ ਨਾਲ ਜਾਂਚ ਕਰਕੇ, ਦੋਸ਼ੀਆਂ ਨੂੰ ਕੌਮਾਂਤਰੀ ਤੇ ਇੰਡੀਅਨ ਕਾਨੂੰਨਾਂ ਅਨੁਸਾਰ ਬਣਦੀ ਸਜ਼ਾ ਮਿਲੇ। ਕਿਉਂਕਿ ਸਾਡਾ ਸਿਧਾਂਤ 'ਸਰਬੱਤ ਦਾ ਭਲਾ', ਅਮਨ-ਚੈਨ ਤੇ ਜਮਹੂਰੀਅਤ ਨੂੰ ਹਰ ਕੀਮਤ ਤੇ ਕਾਇਮ ਰੱਖਣ ਦਾ ਹੈ। ਪਰ ਦੁੱਖ ਅਤੇ ਅਫਸੋਸ ਹੈ ਕਿ ਜਦੋਂ ਵੀ ਮੁਲਕ ਵਿੱਚ ਬਹੁਗਿਣਤੀ ਉੱਤੇ ਅਜਿਹੇ ਸਮੇਂ ਹਮਲਾ ਹੋ ਕੇ ਜਾਨੀ ਨੁਕਸਾਨ ਹੁੰਦਾ ਹੈ ਤਾਂ ਉੱਪਰ ਤੋਂ ਲੈ ਕੇ ਹੇਠ ਤੱਕ ਹੁਕਮਰਾਨ ਅਤੇ ਅਫਸਰਸ਼ਾਹੀ ਉਸ ਦੀ ਜਾਂਚ ਪੜਤਾਲ ਕਰਵਾਉਣ ਅਤੇ ਦੋਸ਼ੀਆਂ ਨੂੰ ਕਿਸੇ ਤਰ੍ਹਾਂ ਨਾ ਬਖਸ਼ਣ ਦੀ ਗੱਲ ਕਰਦੇ ਹਨ। ਲੇਕਿਨ ਜਦੋਂ ਅਜਿਹੇ ਹਮਲੇ ਸਿੱਖ ਕੌਮ ਜਾਂ ਹੋਰ ਘੱਟ ਗਿਣਤੀਆ ਤੇ ਹੁੰਦੇ ਹਨ ਤਾਂ ਇਹ ਬਹੁਗਿਣਤੀ ਹੁਕਮਰਾਨ ਅਜਿਹੇ ਕਿਸੇ ਦੁਖਾਂਤ ਦੀ ਨਾ ਤਾਂ ਕੋਈ ਛਾਣਬੀਨ ਕਰਵਾਉਂਦੇ ਹਨ ਅਤੇ ਨਾ ਹੀ ਅਜਿਹੇ ਕਾਤਲ ਦੋਸ਼ੀਆਂ ਨੂੰ ਸਜ਼ਾ ਦੇਣ ਦੀ ਜ਼ਿੰਮੇਵਾਰੀ ਨਿਭਾਉਂਦੇ ਹਨ। ਜਦੋਂ ਵਿਧਾਨ ਤੇ ਕਾਨੂੰਨ ਸਭਨਾਂ ਲਈ ਇੱਕ ਹੈ ਫਿਰ ਸਿੱਖ ਕੌਮ ਅਤੇ ਹੋਰ ਘੱਟ ਗਿਣਤੀ ਕੌਮਾਂ ਲਈ ਅਜਿਹਾ ਵਿਤਕਰਾ ਤੇ

ਅੰਕ 9 ਨਵੰਬਰ 2025

ਮੈਗਜ਼ੀਨ

ਬਾਗ਼ੀ

ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ)

ਸੰਪਾਦਕ-ਰਸ਼ਪਿੰਦਰ ਕੌਰ ਗਿੱਲ

ਬੇਇਨਸਾਫ਼ੀ ਕਿਉਂ?" ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਦਿੱਲੀ ਵਿਖੇ ਹੋਏ ਬੰਬ ਵਿਸਫੋਟ ਉਪਰੰਤ ਮ੍ਰਿਤਕ ਪਰਿਵਾਰਾਂ ਨਾਲ ਹਮਦਰਦੀ ਪ੍ਰਗਟ ਕਰਦੇ ਹੋਏ ਅਤੇ ਹੁਕਮਰਾਨਾਂ ਵੱਲੋਂ ਫੌਰੀ ਜਾਂਚ ਕਰਵਾਉਣ ਅਤੇ ਬਖਸ਼ਾਂਗੇ ਨਹੀਂ ਦੀ ਗੱਲ ਉੱਤੇ ਸਿੱਖਾਂ ਉੱਤੇ ਹੋਣ ਵਾਲੇ ਜ਼ਬਰ ਜੁਲਮ ਸਮੇਂ ਅਜਿਹਾ ਅਮਲ ਨਾ ਕਰਨ ਉੱਤੇ ਦੁੱਖ ਜਾਹਰ ਕਰਦੇ ਹੋਏ ਪ੍ਰਗਟ ਕੀਤੇ। ਉਨ੍ਹਾਂ ਕਿਹਾ ਕਿ ਨਵੰਬਰ 1984 ਵਿੱਚ ਸਿੱਖਾਂ ਦੇ ਕਤਲੇਆਮ ਦਾ ਵੱਡਾ ਦੁਖਾਂਤ ਵਾਪਰਿਆ, ਉਸਦੀ ਅੱਜ ਤੱਕ ਜਾਂਚ ਨਹੀਂ ਕਰਵਾਈ ਗਈ। ਜਦੋਂਕਿ ਪੁਲਿਸ ਨੇ ਕਾਤਲਾਂ ਨੂੰ ਸਿੱਖਾਂ ਦੇ ਘਰ ਦਿਖਾਉਣ ਦੇ ਇਹ ਅਮਲ ਕੀਤੇ ਸਨ ਕਿ ਇਹ ਘਰ ਕਿੱਥੇ-ਕਿੱਥੇ ਹਨ। ਉਸ ਸਮੇਂ ਸਾਡੇ ਵਜੀਰ ਸ. ਹਰਦੀਪ ਸਿੰਘ ਪੁਰੀ ਨੇ ਵੀ ਇਸ ਗੱਲ ਦੀ ਉਸ ਸਮੇਂ ਚਿੰਤਾ ਜਾਹਰ ਕੀਤੀ ਸੀ ਕਿ ਭਾਵੇਂ ਮੈਂ ਬਾਹਰਲੇ ਮੁਲਕਾਂ ਵਿੱਚ ਉੱਚ ਅਹੁੱਦਿਆਂ ਤੇ ਰਿਹਾ ਹਾਂ ਪਰ ਮੈਨੂੰ ਆਪਣੇ ਮਾਤਾ-ਪਿਤਾ ਦਾ ਉਸ ਸਮੇਂ ਬਹੁਤ ਵੱਡਾ ਮਹਿਸੂਸ ਸੀ। ਜੋ ਅਫਗਾਨੀਸਤਾਨ ਦੇ ਗੁਰਦੁਆਰਾ ਸ੍ਰੀ ਗੁਰੂ ਹਰਿ ਰਾਏ ਸਾਹਿਬ ਕਾਬੁਲ ਵਿਖੇ 25 ਸਿੱਖਾਂ ਨੂੰ ਆਈ.ਐਸ.ਆਈ.ਐਸ ਦੇ ਸੰਗਠਨ ਵੱਲੋਂ ਬੰਬ ਵਿਸਫੋਟ ਰਾਹੀਂ ਕਤਲ ਕਰ ਦਿੱਤਾ ਗਿਆ ਸੀ। ਇਸੇ ਤਰ੍ਹਾਂ ਦੂਜਾ ਹਮਲਾ ਗੁਰਦੁਆਰਾ ਸ੍ਰੀ ਕਰਤਾ-ਏ-ਪ੍ਰਵਾਨ ਵਿਖੇ ਵੀ ਸਿੱਖਾਂ ਦੇ ਕਤਲ ਕਰ ਦਿੱਤੇ ਗਏ ਸਨ ਅਤੇ ਉਸ ਸਮੇਂ ਇੰਡੀਆਂ ਦੇ ਵਜੀਰ-ਏ-ਆਜਮ ਮੋਦੀ ਨੇ ਕਿਹਾ ਸੀ ਕਿ ਅਫਗਾਨੀਸਤਾਨ ਨਾਲ ਇੰਡੀਆ ਦੇ ਚੰਗੇ ਸੰਬੰਧ ਹਨ ਅਤੇ ਇਸਦੀ ਜਾਂਚ ਕਰਵਾ ਕੇ ਦੋਸ਼ੀਆਂ ਨੂੰ ਗ੍ਰਿਫਤਾਰ ਕਰਦੇ ਹੋਏ ਕਾਨੂੰਨ ਅਨੁਸਾਰ ਸਜਾ ਦਿਵਾਉਣ ਦਾ ਪ੍ਰਬੰਧ ਕਰਾਂਗੇ। ਪਰ ਦੁੱਖ ਅਤੇ ਅਫਸੋਸ ਹੈ ਇਸ ਦੁਰਘਟਨਾ ਨੂੰ ਵਾਪਰੇ ਹੋਏ ਲੰਮਾਂ ਸਮਾਂ ਬੀਤ ਚੁੱਕਿਆ ਹੈ। ਪਰ ਸਿੱਖ ਕੌਮ ਨੂੰ ਅੱਜ ਤੱਕ ਕੋਈ ਇਨਸਾਫ਼ ਨਾ ਤਾਂ ਵਜੀਰ-ਏ-ਆਜਮ ਮੋਦੀ ਵੱਲੋਂ ਦਿਵਾਇਆ ਗਿਆ ਨਾ ਹੀ ਅਫਗਾਨ ਸਰਕਾਰ ਵੱਲੋਂ ਇਸ ਤੇ ਕੋਈ ਅਮਲ ਹੋਇਆ ਹੈ। ਉਨ੍ਹਾਂ ਕਿਹਾ ਕਿ 2018 ਵਿੱਚ ਇਰਾਕ ਵਿੱਚ ਇਸੇ ਉਪਰੋਕਤ ਸੰਗਠਨ ਨੇ 38 ਨਿਰਦੋਸ਼ ਸਿੱਖਾਂ ਨੂੰ ਫੜ ਕੇ ਬਹੁਤ ਬੇਰਹਿੰਮੀ ਨਾਲ ਕਤਲ ਕਰ ਦਿੱਤਾ ਸੀ। ਉਸ ਸਮੇਂ ਇੰਡੀਆ ਦੀ ਵਿਦੇਸ਼ ਵਜੀਰ ਬੀਬੀ ਸੁਸ਼ਮਾ ਸਵਰਾਜ ਸਨ। ਇਸੇ ਦੌਰਾਨ ਕੇਰਲਾ ਦੀਆਂ ਕੁਝ ਨਰਸਾਂ ਨੂੰ ਵੀ ਉਪਰੋਕਤ ਸੰਗਠਨ ਨੇ ਆਪਣੇ ਕੈਦੀ ਬਣਾ ਲਿਆ ਸੀ, ਬੀਬੀ ਸਵਰਾਜ ਨੇ ਅਤੇ ਇੰਡੀਅਨ ਹੁਕਮਰਾਨਾਂ ਨੇ ਪਹੁੰਚ ਕਰਕੇ ਕੇਰਲਾ ਦੀਆਂ ਬੀਬੀਆਂ ਨੂੰ ਰਿਹਾਅ ਕਰਵਾ ਲਿਆ ਸੀ। ਪਰ ਉਪਰੋਕਤ ਸਿੱਖਾਂ ਨੂੰ ਰਿਹਾਅ ਕਰਵਾਉਣ ਲਈ ਇੰਡੀਅਨ ਹੁਕਮਰਾਨਾਂ ਨੇ ਸੰਜੀਦਗੀ ਤੇ ਇਮਾਨਦਾਰੀ ਨਾਲ ਕੋਈ ਅਮਲ ਨਾ ਕੀਤਾ। ਇੱਥੇ ਇਹ ਵਰਣਨ ਕਰਨਾ ਜਰੂਰੀ ਹੈ ਕਿ ਕੇਰਲਾ ਵਿੱਚ ਆਈ.ਐਸ.ਆਈ.ਐਸ ਸੈਂਟਰ ਦੇ ਟ੍ਰੇਨਿੰਗ ਸੈਂਟਰ ਸਨ ਜਿਸ ਨਾਲ ਕੇਰਲਾ ਸੂਬੇ ਨਾਲ ਇਸ ਸੰਗਠਨ ਦਾ ਸੰਬੰਧ ਜੁੜਿਆ ਹੋਇਆ ਸੀ ਅਤੇ ਇੰਡੀਅਨ ਹੁਕਰਮਾਨਾਂ ਦੇ ਵੀ ਇਸ ਸੰਗਠਨ ਨਾਲ ਅੱਛੇ ਸੰਬੰਧ ਸਨ। ਜੇਕਰ ਸਿੱਖਾਂ ਨੂੰ ਇਰਾਕ ਵਿੱਚੋਂ ਨਹੀਂ ਛੁਡਾਇਆ ਗਿਆ ਅਤੇ ਕਤਲ ਹੋਣ ਤੋਂ ਨਾ ਬਚਾਇਆ ਗਿਆ ਇਸ ਵਿੱਚ ਮੋਦੀ ਹਕੂਮਤ ਅਤੇ ਉਸ ਸਮੇਂ ਦੀ ਵਿਦੇਸ਼ ਵਜੀਰ ਮਰਹੂਮ ਸੁਸ਼ਮਾ ਸਵਰਾਜ ਵੀ ਦੋਸ਼ੀ ਸਨ। ਜਿਨ੍ਹਾਂ ਨੇ ਆਪਣੇ ਇੰਡੀਅਨ ਨਾਗਰਿਕਾਂ ਦੀ ਜਿੰਦਗੀ ਬਚਾਉਣ ਲਈ ਕੋਈ ਅਮਲ ਨਾ ਕੀਤਾ। ਉਨ੍ਹਾਂ ਕਿਹਾ ਕਿ ਉਪਰੋਕਤ ਕਤਲੇਆਮ ਤੋਂ ਇਲਾਵਾ ਪਾਕਿਸਤਾਨ ਦੇ ਪੇਸ਼ਾਵਰ ਵਿਖੇ ਇੱਕ ਸਿੱਖ ਹਕੀਮ ਨੂੰ ਵੀ ਉਪਰੋਕਤ ਸੰਗਠਨ ਨੇ ਕਤਲ ਕਰ ਦਿੱਤਾ ਸੀ, ਇਸ ਤੋਂ ਇਲਾਵਾ ਸ੍ਰੀਨਗਰ ਵਿੱਚ ਇੱਕ ਪ੍ਰਿੰਸੀਪਲ ਸਿੱਖ ਬੀਬੀ ਸੁਪਿੰਦਰ ਕੌਰ ਨੂੰ ਵੀ ਕਤਲ ਕਰ ਦਿੱਤਾ ਸੀ। ਇਨ੍ਹਾਂ ਸਭ ਕਤਲਾਂ ਦੇ ਦੋਸ਼ੀਆਂ ਵਿਰੁੱਧ ਕੋਈ ਅਮਲ ਨਾ ਹੋਣ ਵੀ ਬਹੁਤ ਦੁੱਖਦਾਇਕ ਹੈ। ਜੰਮੂ ਕਸ਼ਮੀਰ ਵਿੱਚ ਉਨ੍ਹਾਂ ਦੀ ਜ਼ਬਰੀ ਗੈਰ ਕਾਨੂੰਨੀ ਢੰਗ ਨਾਲ ਖੁਦਮੁਖਤਿਆਰੀ ਰੱਦ ਕਰ ਦਿੱਤੀ ਗਈ ਜਦੋਂ ਕਿ ਹਾਲਾਤ ਅੱਜ ਵੀ ਪਹਿਲੇ ਵਾਲੇ ਚੱਲ ਰਹੇ ਹਨ। ਪਿਛਲੀ ਵਾਰ ਜਦੋਂ ਪ੍ਰੈਜੀਡੈਂਟ ਟਰੰਪ ਦਿੱਲੀ ਆਏ ਸੀ ਤਾਂ ਹੁਕਮਰਾਨਾਂ ਨੇ ਸਾਜਸੀ ਢੰਗ ਨਾਲ ਦਿੱਲੀ ਵਿਖੇ ਫਸਾਦ ਕਰਵਾਏ। ਇਨ੍ਹਾਂ ਅਮਲਾਂ ਤੋਂ ਪ੍ਰਤੱਖ ਹੋ ਰਿਹਾ ਹੈ ਕਿ ਸ੍ਰੀ ਮੋਦੀ ਹਕੂਮਤ ਅਤੇ ਗ੍ਰਹਿ ਵਜੀਰ ਅਮਿਤ ਸ਼ਾਹ ਪੂਰਨ ਰੂਪ ਵਿੱਚ ਅਸਫਲ ਸਾਬਤ ਹੋਏ ਹਨ। ਸੁਪਰੀਮ ਕੋਰਟ ਨੇ ਆਈ.ਐਸ.ਆਈ.ਐਸ ਦੇ ਬੰਦੇ ਦੀ ਜ਼ਮਾਨਤ ਰੱਦ ਕਰ ਦਿੱਤੀ ਹੈ। ਜਦੋਂ ਕਿ ਉਪਰੋਕਤ ਅਫਗਾਨੀਸਤਾਨ ਦੇ ਸਭ ਦੁਖਾਤਾਂ ਲਈ ਆਈ.ਐਸ.ਆਈ.ਐਸ ਜਿੰਮੇਵਾਰ ਹੈ। ਉਨ੍ਹਾਂ ਪ੍ਰਤੀ ਹੁਕਮਰਾਨ ਤੇ ਕਾਨੂੰਨ ਵੱਲੋਂ ਕੋਈ ਅਮਲ ਨਹੀਂ ਹੋਇਆ। ਜਦੋਂ ਕਿ ਮੋਦੀ ਨੇ ਐਨ.ਆਈ.ਏ. ਤੋਂ ਜਾਂਚ ਕਰਵਾਉਣ ਦੀ ਗੱਲ ਕੀਤੀ ਸੀ। ਸਿੱਖ ਕੌਮ ਤੇ ਘੱਟ ਗਿਣਤੀ ਕੌਮਾਂ ਨਾਲ ਨਿਰੰਤਰ ਅਜਿਹੀਆਂ ਬੇਇਨਸਾਫ਼ੀਆਂ ਅਤੇ ਜ਼ਬਰ ਜੁਲਮ, ਵਿਤਕਰੇ ਹੁਕਮਰਾਨਾਂ ਵੱਲੋਂ ਕਿਉਂ ਕੀਤੇ ਜਾਂਦੇ ਆ ਰਹੇ ਹਨ? ਸਿੱਖ ਕੌਮ ਤੇ ਘੱਟ ਗਿਣਤੀ ਕੌਮਾਂ ਹੁਕਮਰਾਨਾਂ ਤੋਂ ਇਹ ਜੁਆਬ ਮੰਗਦੀਆਂ ਹਨ।

ਨਕਸਲਾਈਟਾਂ ਅਤੇ ਮਾਓਵਾਦੀਆਂ ਨੂੰ ਗੈਰ ਕਾਨੂੰਨੀ ਢੰਗ ਨਾਲ ਮਾਰੇ ਜਾਣ ਤੇ ਜੇਕਰ ਕਾਮਰੇਡਾਂ ਦੀ ਜਮੀਰ ਜਾਗੀ ਹੈ, ਤਾਂ ਚੰਗੀ ਗੱਲ ਹੈ: ਮਾਨ

ਜੇਕਰ ਹੁਕਮਰਾਨ ਪੰਜਾਬ ਦੇ ਸੰਜ਼ੀਦਾ ਮੁੱਦਿਆ ਉੱਤੇ ਅੱਗ ਨਾਲ ਖੇਡਣ ਤੋਂ ਤੋਬਾ ਨਹੀਂ ਕਰਦੇ, ਤਾਂ ਖੁਦ ਵੀ ਇਸ ਦੇ ਨਤੀਜੇ ਭੁਗਤਣਗੇ: ਮਾਨ

ਅੰਕ 9 ਨਵੰਬਰ 2025

ਮੈਗਜ਼ੀਨ

ਬਾਗ਼ੀ

ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ)

ਸੰਪਾਦਕ-ਰਸ਼ਪਿੰਦਰ ਕੌਰ ਗਿੱਲ

ਸਿੱਖ ਕੌਮ ਉੱਤੇ ਜਦੋਂ ਜ਼ਬਰ ਤੇ ਬੇ-ਇਨਸਾਫ਼ੀਆਂ ਨਿਰੰਤਰ ਹੋ ਰਹੀਆਂ ਹਨ ਤਾਂ ਉਨ੍ਹਾਂ ਦਾ ਇੰਡੀਆ ਨਾਲ ਰਹਿਣ ਨੂੰ ਕਿਵੇਂ ਵਾਜਿਬ ਕਿਹਾ ਜਾ ਸਕਦਾ ਹੈ?: ਮਾਨ

ਫ਼ਤਹਿਗੜ੍ਹ ਸਾਹਿਬ, 13 ਨਵੰਬਰ 2025- "ਜਦੋਂ 1984 ਵਿੱਚ ਮੰਦਭਾਵਨਾ ਤੇ ਸਾਜਿਸ਼ ਅਧੀਨ ਸਿੱਖਾਂ ਦਾ ਸਮੁੱਚੇ ਮੁਲਕ ਵਿੱਚ ਬਹੁਤ ਬੇਰਹਿੰਮੀ ਨਾਲ ਕਤਲੇਆਮ ਕੀਤਾ ਗਿਆ। ਉਨ੍ਹਾਂ ਦੇ ਘਰਾਂ, ਕਾਰੋਬਾਰਾਂ ਨੂੰ ਅੱਗ ਦੇ ਸਪੁਰਦ ਕਰ ਦਿੱਤਾ ਗਿਆ ਅਤੇ ਬੀਬੀਆਂ ਨਾਲ ਦਿਨ-ਦਿਹਾੜੇ ਬਲਾਤਕਾਰ ਕੀਤੇ ਗਏ, ਉਸ ਸਮੇ ਤਾਂ ਕਿਸੇ ਵੀ ਹਿੰਦੂਤਵ ਪਾਰਟੀ ਜਾਂ ਆਗੂ ਨੇ ਸਿੱਖਾਂ ਨਾਲ ਹੋਏ ਜੁਲਮ ਵਿਰੁੱਧ ਨਾ ਤਾਂ ਆਵਾਜ ਉਠਾਈ ਅਤੇ ਨਾ ਹੀ ਕੋਈ ਹਮਦਰਦੀ ਪ੍ਰਗਟ ਕੀਤੀ। ਬਲਕਿ ਉਸ ਸਮੇਂ ਦੇ ਬੀ.ਜੇ.ਪੀ ਆਗੂ ਸ੍ਰੀ ਵਾਜਪਾਈ ਨੇ ਸਿੱਖ ਕੌਮ ਦੀ ਕਾਤਲ ਮਰਹੂਮ ਇੰਦਰਾ ਗਾਂਧੀ ਨੂੰ ਦੁਰਗਾ ਮਾਤਾ ਦਾ ਖਿਤਾਬ ਦੇ ਕੇ ਸਨਮਾਨਿਆ ਅਤੇ ਦੂਜੇ ਆਗੂ ਅਡਵਾਨੀ ਨੇ ਕਿਹਾ ਸੀ ਕਿ ਇਹ ਹਮਲਾ 6 ਮਹੀਨੇ ਪਹਿਲਾ ਹੋਣਾ ਚਾਹੀਦਾ ਸੀ। ਉਸ ਉਪਰੰਤ ਸਿੱਖਾਂ ਅਤੇ ਪੰਜਾਬੀਆਂ ਉੱਤੇ ਨਿਰੰਤਰ ਜ਼ਬਰ-ਜੁਲਮ, ਬੇ-ਇਨਸਾਫ਼ੀਆਂ ਹੁੰਦੀਆ ਰਹੀਆਂ ਤੇ ਉਹ ਅੱਜ ਵੀ ਜਾਰੀ ਹਨ। ਵੰਦੇ ਮਾਤਰਮ ਜਿਸ ਦਾ ਅਰਥ ਮਾਤਾ ਦੀ ਪੂਜਾ ਦੀ ਗੱਲ ਕੀਤੀ ਜਾ ਰਹੀ ਹੈ, ਸਿੱਖ ਤਾਂ ਕੇਵਲ ਤੇ ਕੇਵਲ ਇੱਕੋ ਇੱਕ ਉਸ ਅਕਾਲ ਪੁਰਖ ਨੂੰ ਪ੍ਰਵਾਨ ਕਰਦੇ ਹਨ। ਹੋਰ ਕਿਸੇ ਦੁਨਿਆਵੀ ਸ਼ਰੀਰ ਵਿੱਚ ਕਿਸੇ ਦੇਵੀ-ਦੇਵਤੇ ਆਦਿ ਨੂੰ ਨਹੀਂ। ਸ੍ਰੀ ਮੋਦੀ ਬੰਬ ਵਿਸਫੋਟ ਵਿੱਚ ਜਖਮੀ ਹੋਏ ਅਤੇ ਮ੍ਰਿਤਕਾਂ ਦੇ ਪਰਿਵਾਰਾਂ ਨੂੰ ਹਸਪਤਾਲ ਵਿੱਚ ਮਿਲ ਕੇ ਹਮਦਰਦੀ ਪ੍ਰਗਟ ਕਰ ਰਹੇ ਹਨ। ਪਰ ਅਜਿਹੀ ਹਮਦਰਦੀ ਘੱਟ ਗਿਣਤੀਆਂ ਉੱਤੇ ਹੋਣ ਵਾਲੇ ਜ਼ਬਰ ਜੁਲਮ ਤੇ ਬੇ-ਇਨਸਾਫ਼ੀਆਂ ਵੇਲ੍ਹੇ ਇਨ੍ਹਾਂ ਹੁਕਮਰਾਨਾਂ ਵੱਲੋਂ ਕਿਉਂ ਨਹੀਂ ਹੁੰਦੀ? ਅਜਿਹੇ ਹਾਲਾਤਾਂ ਵਿੱਚ ਜਦੋਂ ਨਿਰੰਤਰ ਸਿੱਖ ਕੌਮ ਨਾਲ ਬੇ-ਇਨਸਾਫ਼ੀਆਂ, ਜ਼ਬਰ ਕੀਤੇ ਜਾਂਦੇ ਆ ਰਹੇ ਹਨ ਤਾਂ ਉਨ੍ਹਾਂ ਦਾ ਇੰਡੀਆ ਨਾਲ ਰਹਿਣ ਨੂੰ ਕਿਸ ਤਰ੍ਹਾਂ ਵਾਜਿਬ ਕਿਹਾ ਜਾ ਸਕਦਾ ਹੈ? ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਹਿੰਦੂਤਵ ਹੁਕਮਰਾਨਾਂ ਤੇ ਆਗੂਆਂ ਵੱਲੋਂ ਦਿੱਲੀ ਵਿਖੇ ਹੋਏ ਬੰਬ ਵਿਸਫੋਟ ਉੱਤੇ ਤੁਰੰਤ ਹਮਦਰਦੀ ਜਾਹਰ ਕਰਨ ਅਤੇ ਉਸਦੀ ਤੁਰੰਤ ਛਾਣ-ਬੀਨ ਕਰਵਾਉਣ ਦੇ ਸਿੱਖਾਂ ਪ੍ਰਤੀ ਵਖਰੇਵੇਂ ਵਾਲੀ ਸੋਚ ਉੱਤੇ ਡੂੰਘਾਂ ਦੁੱਖ ਜਾਹਰ ਕਰਦੇ ਹੋਏ ਪ੍ਰਗਟ ਕੀਤੇ। ਉਨ੍ਹਾਂ ਕਿਹਾ ਕਿ ਕੇਵਲ ਸਿੱਖ ਕੌਮ ਨਾਲ ਹੀ ਨਹੀਂ ਬਲਕਿ ਘੱਟ ਗਿਣਤੀ ਜੰਮੂ ਕਸ਼ਮੀਰ ਵਿੱਚ ਵੱਸਣ ਵਾਲੀ ਮੁਸਲਿਮ ਕੌਮ ਉੱਤੇ ਵੀ ਨਿਰੰਤਰ ਅੱਜ ਵੀ ਤਲਾਸ਼ੀਆਂ ਲਈਆਂ ਜਾ ਰਹੀਆਂ ਹਨ, ਗੋਲਾਬਾਰੀ ਕੀਤੀ ਜਾ ਰਹੀ ਹੈ ਅਤੇ ਉਨ੍ਹਾਂ ਦੀਆਂ ਗੈਰ ਵਿਧਾਨਿਕ ਢੰਗ ਨਾਲ ਗ੍ਰਿਫਤਾਰੀਆਂ ਕਰਕੇ ਉਨ੍ਹਾਂ ਨੂੰ ਵੀ ਦੂਜੇ ਦਰਜੇ ਦੇ ਸ਼ਹਿਰੀਆਂ ਦੀ ਤਰ੍ਹਾਂ ਵਰਤਾਅ ਕੀਤਾ ਜਾ ਰਿਹਾ ਹੈ। ਉਨ੍ਹਾਂ ਦੀ ਖੁਦ-ਮੁਖਤਿਆਰੀ ਜੋ ਧਾਰਾ 370 ਅਤੇ 35ਏ ਰਾਹੀਂ ਕਾਇਮ ਸੀ, ਉਹ ਜ਼ਬਰੀ ਖਤਮ ਕਰ ਦਿੱਤੀ ਗਈ ਹੈ। ਉੱਥੇ ਅਫਸਪਾ ਵਰਗਾਂ ਕਾਲਾ ਕਾਨੂੰਨ ਲਾਗੂ ਕਰਕੇ ਜ਼ਬਰ ਕੀਤਾ ਜਾ ਰਿਹਾ ਹੈ। ਉਸ ਸੂਬੇ ਦੀ ਆਪਣੀ ਪੁਲਿਸ ਦੀ ਚੰਗੀ ਕਾਰਗੁਜਾਰੀ ਹੋਣ ਦੇ ਬਾਵਜੂਦ ਸੈਂਟਰ ਦੀਆਂ ਫੋਰਸਾਂ, ਅਰਧ ਸੈਨਿਕ ਬਲ ਆਪਣੇ ਤਾਨਾਸ਼ਾਹੀ ਹੁਕਮਾਂ ਨੂੰ ਲਾਗੂ ਕਰਨ ਲਈ ਲਗਾਏ ਹੋਏ ਹਨ। ਇੱਕ ਪਾਸੇ ਇਹ ਹਿੰਦੂਤਵ ਹੁਕਮਰਾਨ ਰਾਮ ਰਾਜ ਦੀ ਗੱਲ ਕਰਦੇ ਹਨ ਦੂਜੇ ਪਾਸੇ ਇੱਥੇ ਵੱਸਣ ਵਾਲੀਆਂ ਘੱਟ ਗਿਣਤੀ ਕੌਮਾਂ ਨਾਲ ਹਰ ਖੇਤਰ ਵਿੱਚ ਬੇ-ਇਨਸਾਫ਼ੀਆਂ ਤੇ ਜ਼ਬਰ ਕਰਦੇ ਆ ਰਹੇ ਹਨ। ਇਹ ਇਨ੍ਹਾਂ ਦਾ ਕਿਹੋ ਜਿਹਾ ਰਾਮ ਰਾਜ ਹੈ? ਜਿਸ ਰਾਹੀਂ ਮਨੁੱਖੀ ਹੱਕਾਂ, ਵਿਧਾਨਿਕ, ਸਮਾਜਿਕ ਆਜਾਦੀ ਅਤੇ ਬਰਾਬਰੀ ਦੇ ਹੱਕਾਂ ਨੂੰ ਕੁਚਲਿਆ ਜਾ ਰਿਹਾ ਹੈ। ਇਸੇ ਤਰ੍ਹਾਂ ਬਲਿਊ ਸਟਾਰ ਸਮੇਂ ਵੀ ਇਹ ਸਭ ਵਿਧਾਨਿਕ, ਸਮਾਜਿਕ, ਧਾਰਮਿਕ ਇਖਲਾਕੀ ਹੱਕ ਹੁਕਮਰਾਨਾਂ ਵੱਲੋਂ ਕੁਚਲ ਦਿੱਤੇ ਗਏ ਸਨ। ਜਦੋਂ ਸਾਡੇ ਨਾਲ ਇਹ ਵਿਤਕਰੇ ਤੇ ਜ਼ਬਰ 1947 ਤੋਂ ਹੀ ਜਾਰੀ ਹੈ, ਫਿਰ ਸਿੱਖ ਕੌਮ ਇੰਡੀਆ ਜਾਂ ਇਨ੍ਹਾਂ ਮੁਤੱਸਵੀ ਹੁਕਮਰਾਨਾਂ ਨਾਲ ਕਿਵੇਂ ਰਹਿ ਤੇ ਵਿਚਰ ਸਕਦੀ ਹੈ? ਇਹ ਸਵਾਲ ਅੱਜ ਅਤਿ ਗੰਭੀਰ ਹੈ।

ਸੈਂਟਰਲ ਖੁਫੀਆ ਏਜੰਸੀ 'ਰਾਅ' ਦੇ ਮੁੱਖੀ ਦਾ ਰਿਕਾਰਡ ਮਨੁੱਖੀ ਅਧਿਕਾਰਾਂ ਦਾ ਉਲੰਘਣ ਕਰਨ ਵਾਲਾ ਨਹੀਂ ਹੋਣਾ ਚਾਹੀਦਾ: ਮਾਨ

ਫ਼ਤਹਿਗੜ੍ਹ ਸਾਹਿਬ, 14 ਨਵੰਬਰ 2025- "ਇੰਡੀਆ ਦੇ ਹੁਕਮਰਾਨਾਂ ਦੀ ਸੈਂਟਰਲ ਏਜੰਸੀ ਰਾਅ ਇੱਕ ਵੱਡੀ ਏਜੰਸੀ ਹੈ। ਜਿਸਦਾ ਹੁਣ ਤੱਕ ਦਾ ਰਿਕਾਰਡ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਨਾਲ ਮਿਲ ਕੇ ਉਹ ਗੈਰ ਕਾਨੂੰਨੀ ਢੰਗਾਂ ਰਾਹੀਂ ਸਿੱਖ ਕੌਮ ਦੀ ਬਾਹਰਲੇ ਮੁਲਕਾਂ ਵਿੱਚ ਆਜਾਦੀ ਚਾਹੁਣ ਵਾਲੀ ਨੌਜਵਾਨੀ ਨੂੰ ਨਿਸ਼ਾਨਾ ਬਣਾ ਕੇ ਮਾਰਨ ਵਾਲਾ ਰਿਹਾ ਹੈ। ਇਸ ਸਾਜਿਸ਼ ਵਿੱਚ ਸ੍ਰੀ

ਅੰਕ 9 ਨਵੰਬਰ 2025

ਮੈਗਜ਼ੀਨ

ਬਾਗ਼ੀ

ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ)

ਸੰਪਾਦਕ-ਰਸ਼ਪਿੰਦਰ ਕੌਰ ਗਿੱਲ

ਮੋਦੀ ਤੇ ਉਨ੍ਹਾਂ ਦੀ ਵਜ਼ਾਰਤ ਦੀ ਚੰਡਾਲ ਚੌਕੜੀ ਵੀ ਸ਼ਾਮਿਲ ਹੈ। ਜਿਸ ਵਿੱਚ ਗ੍ਰਹਿ ਵਜੀਰ ਅਮਿਤ ਸ਼ਾਹ, ਵਿਦੇਸ਼ ਵਜੀਰ ਜੈਸ਼ੰਕਰ, ਰੱਖਿਆ ਵਜੀਰ ਰਾਜਨਾਥ ਸਿੰਘ, ਸੁਰੱਖਿਆ ਸਲਾਹਕਾਰ ਅਜੀਤ ਡੋਵਾਲ, ਰਾਅ ਮੁਖੀ ਰਵੀ ਸਿਨ੍ਹਾਂ ਅਤੇ ਸਾਬਕਾ ਰਾਅ ਮੁਖੀ ਸੰਮਤ ਗੋਇਲ ਆਉਂਦੇ ਹਨ। ਜਿਨ੍ਹਾਂ ਨੇ ਬੀਤੇ ਸਮੇਂ ਵਿੱਚ ਅਮਰੀਕਾ, ਕੈਨੇਡਾ, ਬਰਤਾਨੀਆ, ਪਾਕਿਸਤਾਨ ਦੀ ਪ੍ਰਭੂਸੱਤਾ ਨੂੰ ਚੁਣੌਤੀ ਦੇ ਕੇ ਅਤੇ ਅਮਰੀਕਾ ਦੇ ਮੁਨਰੋ ਡਾਕਟਰੀਨ ਦਾ ਉਲੰਘਣ ਕਰਕੇ ਉਨ੍ਹਾਂ ਮੁਲਕਾਂ ਵਿੱਚ ਵੱਸਣ ਵਾਲੇ ਸਿੱਖਾਂ ਦੇ ਕਤਲ ਕੀਤੇ ਹਨ। ਜਿਵੇਂ ਕਿ ਹਰਦੀਪ ਸਿੰਘ ਨਿੱਝਰ, ਰਿਪੁਦਮਨ ਸਿੰਘ ਮਲਿਕ ਅਤੇ ਸੁਖਦੂਲ ਸਿੰਘ ਕੈਨੇਡਾ, ਅਵਤਾਰ ਸਿੰਘ ਖੰਡਾ ਬਰਤਾਨੀਆ, ਪਰਮਜੀਤ ਸਿੰਘ ਪੰਜਵੜ ਤੇ ਲਖਬੀਰ ਸਿੰਘ ਰੋਡੇ ਪਾਕਿਸਤਾਨ, ਦੀਪ ਸਿੰਘ ਸਿੱਧੂ ਹਰਿਆਣਾ, ਸ਼ੁਭਦੀਪ ਸਿੰਘ ਸਿੱਧੂ ਮੂਸੇਵਾਲਾ ਅਤੇ ਗੁਰਪ੍ਰੀਤ ਸਿੰਘ ਹਰੀਨੌ ਪੰਜਾਬ ਦੇ ਕਤਲ ਕਰਵਾਏ ਅਤੇ ਅਮਰੀਕਨ ਨਾਗਰਿਕ ਗੁਰਪਤਵੰਤ ਸਿੰਘ ਪੰਨੂ ਨੂੰ ਮਾਰਨ ਦੀ ਕੋਸ਼ਿਸ਼ ਕੀਤੀ ਗਈ। ਜਿਸ ਵਿੱਚ ਨਿਖਿਲ ਗੁਪਤਾ ਤੇ ਵਿਕਾਸ ਯਾਦਵ ਮੁੱਖ ਦੋਸ਼ੀ ਕੌਮਾਂਤਰੀ ਪੱਧਰ ਤੇ ਸਾਹਮਣੇ ਆ ਚੁੱਕੇ ਹਨ। ਫਿਰ ਅਜਿਹੀ ਖੁਫੀਆ ਏਜੰਸੀ ਆਪਣੀ ਬਣਦੀ ਜਿੰਮੇਵਾਰੀ ਨਿਭਾਉਣ ਦੀ ਬਜਾਇ ਕੀ ਸਿੱਖ ਕੌਮ ਤੇ ਹੋਰ ਘੱਟ ਗਿਣਤੀ ਕੌਮਾਂ ਦੇ ਕਤਲ ਕਰਨ ਤੇ ਕਰਵਾਉਣ ਵਿੱਚ ਸ਼ਾਮਿਲ ਨਹੀਂ?" ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਰਾਅ ਏਜੰਸੀ ਦੇ ਨਵੇਂ ਮੁੱਖੀ ਸ੍ਰੀ ਪਰਾਗ ਜੈਨ ਨੂੰ ਲਗਾਉਣ ਉੱਤੇ ਅਤੇ ਇਸ ਏਜੰਸੀ ਦੇ ਮੁਖੀ ਦੇ ਅਹੁੱਦੇ ਉੱਤੇ ਕਿਸੇ ਅੱਛੇ ਰਿਕਾਰਡ ਵਾਲੇ ਉਸ ਅਫਸਰ ਨੂੰ ਲਗਾਉਣਾ ਚਾਹੀਦਾ ਹੈ ਜੋ ਇਸ ਅਹੁੱਦੇ ਨਾਲ ਇਨਸਾਫ਼ ਕਰਨ ਦੀ ਸਮਰੱਥਾ ਰੱਖਦਾ ਹੋਵੇ ਅਤੇ ਹੁਕਮਰਾਨਾਂ ਦੇ ਗੈਰ ਕਾਨੂੰਨੀ ਹੁਕਮਾਂ ਦਾ ਪਾਲਣ ਕਰਕੇ ਮਨੁੱਖਤਾ ਤੇ ਇਨਸਾਨੀਅਤ ਦਾ ਕਤਲ ਕਰਨ ਵਾਲਾ ਨਾ ਹੋਣ ਦੀ ਗੱਲ ਕਰਦੇ ਹੋਏ ਪ੍ਰਗਟ ਕੀਤੇ। ਉਨ੍ਹਾਂ ਕਿਹਾ ਕਿ ਜੇਕਰ ਇਸ ਚੱਲਦੀ ਆ ਰਹੀ ਮਨੁੱਖਤਾ ਮਾਰੂ ਵਿਰੋਧੀ ਪ੍ਰਣਾਲੀ ਨੂੰ ਬੰਦ ਨਾ ਕੀਤਾ ਗਿਆ ਤਾਂ ਇਹ ਇਸੇ ਤਰ੍ਹਾਂ ਸਿੱਖਾਂ ਤੇ ਘੱਟ ਗਿਣਤੀ ਕੌਮਾਂ ਨੂੰ ਮਾਰਨ ਦਾ ਗੈਰ ਕਾਨੂੰਨੀ ਸਿਲਸਿਲਾ ਚੱਲਦਾ ਰਹੇਗਾ। ਇਹ ਕੰਮਜੋਰ ਅਤੇ ਦਿਸ਼ਾਹੀਣ ਸਰਕਾਰਾਂ ਜਿਵੇਂ ਬਾਲਾਕੋਟ, ਆਪ੍ਰੇਸ਼ਨ ਸਿੰਧੂਰ, ਪਹਿਲਗਾਮ, ਪੁਲਵਾਮਾ, ਸਰਜੀਕਲ ਸਟ੍ਰਾਈਕ ਕਰਕੇ ਜੰਗ ਵਾਲਾ ਮਾਹੌਲ ਬਣਾਉਂਦੇ ਰਹੇ ਹਨ, ਉਸ ਨਾਲ ਤਾਂ ਦੋਵਾਂ ਮੁਲਕਾਂ ਦੇ ਨਿਵਾਸੀਆਂ ਦੇ ਖੂਨ ਵਹਿਣ ਅਤੇ ਮਨੁੱਖਤਾ ਦਾ ਘਾਣ ਹੋਣ ਦੇ ਅਮਲ ਹੁੰਦੇ ਰਹਿਣਗੇ। ਜਦੋਂਕਿ ਸਿੱਖ ਕੌਮ ਕਤਈ ਜੰਗ ਨਹੀਂ ਚਾਹੁੰਦੀ। ਕਿਉਂਕਿ ਅਜਿਹੇ ਹਾਲਾਤਾਂ ਵਿੱਚ ਪੰਜਾਬ ਦੇ ਸਰਹੱਦੀ ਜ਼ਿਲ੍ਹਿਆਂ ਦੇ ਨਿਵਾਸੀਆਂ ਦਾ ਹਰ ਵਾਰੀ ਜਾਨੀ-ਮਾਲੀ ਨੁਕਸਾਨ ਹੁੰਦਾ ਹੈ। ਇਸ ਸੋਚ ਅਧੀਨ ਇਹ ਅਜਿਹਾ ਅਮਲ ਕਰਦੇ ਹਨ ਕਿ ਇੰਡੀਆ ਵਿੱਚ ਸਿੱਖ ਮਰਦੇ ਰਹਿਣ ਅਤੇ ਪਾਕਿਸਤਾਨ ਵਿੱਚ ਮੁਸਲਮਾਨ ਮਰਦੇ ਰਹਿਣ ਜੋ ਕਿ ਇਨ੍ਹਾਂ ਹਿੰਦੂਤਵ ਹੁਕਮਰਾਨਾਂ ਵੱਲੋਂ ਬਤੌਰ ਦੁਸ਼ਮਣ ਹੀ ਦੇਖਿਆ ਜਾਂਦਾ ਹੈ। ਕਿਉਂਕਿ ਇਹ ਹੁਕਮਰਾਨ ਸ਼ਰਾਰਤੀ ਅਤੇ ਮੀਸਣੀ ਸੋਚ ਦੇ ਮਾਲਕ ਹਨ। ਜਿਸ ਬਾਰੇ ਸਾਨੂੰ ਅਤੇ ਪਾਕਿਸਤਾਨ ਹਕੂਮਤ ਨੂੰ ਸਮੁੱਚੀ ਜਾਣਕਾਰੀ ਹੈ। ਪਾਕਿਸਤਾਨ ਇਸਲਾਮਿਕ ਮੁਲਕ ਸਮਝ ਚੁੱਕਿਆ ਹੈ ਕਿ ਇਨ੍ਹਾਂ ਦੀਆਂ ਸਾਜਿਸ਼ਾਂ ਦਾ ਜੁਆਬ ਕਿਸ ਢੰਗ ਨਾਲ ਕਿਸ ਸਮੇਂ ਦੇਣਾ ਹੈ, ਇਸ ਲਈ ਹੀ ਉਨ੍ਹਾਂ ਨੇ ਆਪਣੇ ਫ਼ੌਜ ਦੇ ਮੁੱਖ ਜਰਨੈਲ ਆਸਿਮ ਮੁਨੀਰ ਨੂੰ ਸੰਸਦ ਵਿੱਚ ਮਤਾ ਪਾਸ ਕਰਕੇ ਸਭ ਤਰ੍ਹਾਂ ਦੇ ਅਧਿਕਾਰ ਦੇ ਦਿੱਤੇ ਹਨ। ਕਿਉਂਕਿ ਉਨ੍ਹਾਂ ਨੂੰ ਪਤਾ ਹੈ ਕਿ ਦੁਸ਼ਮਣ ਨੂੰ ਤਕੜੇ ਹੋ ਕੇ ਸਿੰਝਣਾ ਹੋਵੇਗਾ। ਇਹ ਮਤ ਸਮਝਣ ਕਿ ਅਸੀਂ ਅਤੇ ਮੁਸਲਿਮ ਕੌਮ ਇਨ੍ਹਾਂ ਦੀਆਂ ਸਾਜਿਸ਼ਾਂ ਨੂੰ ਨਹੀਂ ਸਮਝਦੇ। ਜਿਵੇਂ 1942 ਵਿੱਚ ਅਮਰੀਕਾ ਨੇ ਜਪਾਨ ਤੇ ਹਮਲਾ ਕੀਤਾ ਅਤੇ ਕਿਊਬਾ ਦਾ ਮਸਲਾ ਆਇਆ ਸੀ, ਜਦੋਂ ਰੂਸ ਨੇ ਮਿਜਾਇਲਾਂ ਭੇਜੀਆਂ ਸਨ। ਅਮਰੀਕਾ ਨੇ ਉਸ ਸਮੇਂ ਇਨ੍ਹਾਂ ਨੂੰ ਮੂੰਹ ਤੋੜ ਜੁਆਬ ਦਿੱਤਾ ਸੀ, ਪਰ ਹੁਣ ਜਦੋਂ ਅਮਰੀਕਾ ਦੀ ਪ੍ਰਭੂਸਤਾ ਅਤੇ ਮੁਨਰੋ ਡਾਕਟਰੀਨ ਨੂੰ ਤੋੜਿਆ ਹੈ, ਪਤਾ ਨਹੀਂ ਅਮਰੀਕਾ ਚੁੱਪ ਕਿਉਂ ਬੈਠਾ ਹੈ? ਜਦੋਂ ਕਿ ਉਨ੍ਹਾਂ ਦੀ ਰਵਾਇਤ ਤਾਂ ਅਜਿਹੇ ਸਮਿਆਂ ਤੇ ਤਕੜਾ ਜੁਆਬ ਦੇਣ ਦੀ ਹੈ। ਇਸ ਲਈ ਇੰਡੀਆ ਨੂੰ ਹੁਣ ਸਿੱਖਾਂ ਉੱਤੇ ਜ਼ਬਰ ਜੁਲਮ ਕਰਨ ਜਾਂ ਬੇ-ਇਨਸਾਫ਼ੀਆਂ ਕਰਨ ਦੇ ਅਮਲ ਤੋਂ ਤੋਬਾ ਕਰਕੇ ਨਵੀਂ ਸ਼ੁਰੂਆਤ ਕਰਨੀ ਪਵੇਗੀ, ਤੱਦ ਹੀ ਇੱਥੋਂ ਦੇ ਬਣਦੇ ਜਾ ਰਹੇ ਬਦਤਰ ਹਾਲਤ ਸਹੀ ਰਹਿ ਸਕਣਗੇ, ਵਰਨਾ ਬੇਕਾਬੂ ਹੋ ਜਾਣਗੇ।

ਕਿਸਾਨਾਂ ਉੱਤੇ ਐਫ.ਆਈ.ਆਰ ਦਰਜ ਕਰਨ ਤੋਂ ਪਹਿਲੇ ਉਨ੍ਹਾਂ ਦੀ ਗੰਭੀਰ ਮੁਸ਼ਕਿਲ ਨੂੰ ਸਮਝਣ ਦੀ ਸਖਤ ਲੋੜ: ਮਾਨ

ਫ਼ਤਹਿਗੜ੍ਹ ਸਾਹਿਬ, 14 ਨਵੰਬਰ 2025- "ਸਾਨੂੰ ਇਸ ਗੱਲ ਦਾ ਗਹਿਰਾ ਦੁੱਖ ਅਤੇ ਅਫਸੋਸ ਹੈ ਕਿ ਜਿਨ੍ਹਾਂ ਕਿਸਾਨਾਂ ਵੱਲੋਂ ਮਜਬੂਰੀ ਵੱਸ ਆਪਣੀਆਂ ਫਸਲਾਂ ਦੀ ਪਰਾਲੀ ਨੂੰ ਅੱਗ ਲਗਾਈ ਜਾ ਰਹੀ ਹੈ, ਉਨ੍ਹਾਂ ਉੱਤੇ ਹੁਕਮਰਾਨਾਂ ਅਤੇ ਅਦਾਲਤਾਂ ਵੱਲੋਂ ਪਰਚੇ ਦਰਜ

ਅੰਕ 9 ਨਵੰਬਰ 2025
ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ
ਮੈਗਜ਼ੀਨ
ਬਾਗ਼ੀ
ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ)
ਸੰਪਾਦਕ-ਰਸ਼ਪਿੰਦਰ ਕੌਰ ਗਿੱਲ

ਕੀਤੇ ਜਾ ਰਹੇ ਹਨ। ਲੇਕਿਨ ਹੁਕਮਰਾਨਾਂ, ਜੱਜਾਂ, ਅਦਾਲਤਾਂ ਵੱਲੋਂ ਇਸ ਵਿਸ਼ੇ ਉੱਤੇ ਕੋਈ ਗੌਰ ਨਹੀਂ ਕੀਤੀ ਜਾ ਰਹੀ ਕਿ ਕਿਸਾਨ ਅੱਗ ਲਗਾਉਣ ਲਈ ਮਜਬੂਰ ਕਿਉਂ ਹੋ ਰਹੇ ਹਨ? ਜਦੋਂ ਕਿ ਪਰਾਲੀ ਦੀਆਂ ਗੱਠਾਂ ਬਣਾਉਣ ਦੀਆਂ ਮਸ਼ੀਨਾਂ ਸਰਕਾਰ ਵੱਲੋਂ ਉਸ ਵੱਡੇ ਪੱਧਰ ਤੇ ਲੋੜ ਮੁਤਾਬਿਕ ਨਹੀਂ ਭੇਜੀਆਂ ਜਾ ਰਹੀਆਂ। ਜਿਸ ਕਾਰਨ ਉਨ੍ਹਾਂ ਨੂੰ ਆਪਣੀ ਅਗਲੀ ਕਣਕ ਦੀ ਫਸਲ ਲਈ ਜਮੀਨ ਤਿਆਰ ਕਰਨ ਲਈ ਇਹ ਅੱਗਾਂ ਲਗਾਉਣ ਲਈ ਮਜਬੂਰ ਹੋਣਾ ਪੈ ਰਿਹਾ ਹੈ। ਦੂਸਰੇ ਪਾਸੇ ਸਰਕਾਰ ਜੇਕਰ ਇਹ ਇੱਛਾ ਰੱਖਦੀ ਹੈ ਕਿ ਕੋਈ ਵੀ ਕਿਸਾਨ ਆਪਣੀ ਪਰਾਲੀ ਤੇ ਨਾਲੀ ਨੂੰ ਅੱਗ ਨਾ ਲਗਾਏ ਤਾਂ ਸਰਕਾਰੀ ਪੱਧਰ ਤੇ ਗੱਠ ਬੰਨਣ ਦੀਆਂ ਮਸ਼ੀਨਾਂ ਦਾ ਵੀ ਉਨੀ ਗਿਣਤੀ ਵਿੱਚ ਹੀ ਪ੍ਰਬੰਧ ਕਰਨਾ ਬਣਦਾ ਹੈ। ਜੋ ਕਿ ਕਿਸੇ ਵੀ ਸਰਕਾਰ ਵੱਲੋਂ ਨਹੀਂ ਹੋ ਰਿਹਾ। ਇਸ ਉਪਰੰਤ ਵੀ ਜੇਕਰ ਉਨ੍ਹਾਂ ਤੇ ਕੇਸ ਦਰਜ ਕੀਤੇ ਜਾ ਰਹੇ ਹਨ ਇਹ ਤਾਂ ਉਨ੍ਹਾਂ ਉੱਤੇ ਦੋਹਰੀ ਜਬਰ ਕਰਨ ਵਾਲੀ ਬੇ-ਇਨਸਾਫ਼ੀ ਵਾਲੀ ਕਾਰਵਾਈ ਹੈ।" ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਕਿਸਾਨਾਂ ਅਤੇ ਹੁਕਮਰਾਨਾਂ ਵਿਚਕਾਰ ਪਰਾਲੀ ਨੂੰ ਅੱਗ ਲਗਾਉਣ ਦੇ ਮਾਮਲੇ ਤੇ ਬਣੀ ਹੋਈ ਖਿੱਚੋਤਾਣ ਅਤੇ ਕਿਸਾਨਾਂ ਉੱਤੇ ਨਜਾਇਜ ਢੰਗ ਨਾਲ ਐਫ.ਆਈ.ਆਰ ਦਰਜ ਕਰਨ ਦੇ ਅਮਲਾਂ ਦੀ ਕਰੜੇ ਸ਼ਬਦਾਂ ਵਿੱਚ ਨਿੰਦਾ ਕਰਦੇ ਹੋਏ ਅਤੇ ਇਸ ਵਿਸ਼ੇ ਉੱਤੇ ਗੱਠਾਂ ਬੰਨਣ ਲਈ ਮਸ਼ੀਨਾਂ ਨਾਲ ਉਪਲੱਬਧ ਕਰਵਾਉਣ ਨੂੰ ਗੈਰ ਜਿੰਮੇਵਰਾਨਾ ਕਾਰਵਾਈ ਕਰਾਰ ਦਿੰਦੇ ਹੋਏ ਪ੍ਰਗਟ ਕੀਤੇ। ਉਨ੍ਹਾਂ ਕਿਹਾ ਕਿ ਪੰਜਾਬ ਇੱਕ ਉਪਜਾਊ ਸੂਬਾ ਹੈ ਅਤੇ ਖੇਤੀ ਪ੍ਰਧਾਨ ਸੂਬਾ ਹੈ। ਜੇਕਰ ਕਿਸਾਨਾਂ ਨੂੰ ਸਮੇਂ ਨਾਲ ਆਪਣੀ ਦੂਸਰੀ ਫਸਲ ਬੀਜਣ ਦੀ ਸੰਭਾਲ ਲਈ ਸਹਿਯੋਗ ਨਹੀਂ ਕੀਤਾ ਜਾਵੇਗਾ ਅਤੇ ਉਨ੍ਹਾਂ ਉੱਤੇ ਅਜਿਹੇ ਸਮੇਂ ਕੇਸ ਦਰਜ ਕਰਨ ਦੇ ਅਮਲ ਜਾਰੀ ਰਹਿਣਗੇ ਤਾਂ ਸਾਡਾ ਖੇਤੀ ਪ੍ਰਧਾਨ ਸੂਬਾ ਤਾਂ ਖਤਮ ਹੋ ਕੇ ਰਹਿ ਜਾਵੇਗਾ। ਉਨ੍ਹਾਂ ਇਸ ਗੱਲ ਤੇ ਵੀ ਦੁੱਖ ਜਾਹਰ ਕੀਤਾ ਕਿ ਸੁਪਰੀਮ ਕੋਰਟ ਦੇ ਜੱਜ ਹੁਕਮਰਾਨਾਂ ਦੀ ਅਣ-ਮਨੁੱਖੀ ਤੇ ਗੈਰ ਕਾਨੂੰਨੀ ਅਮਲ ਨੂੰ ਪ੍ਰਵਾਨ ਕਰੀ ਜਾਂਦੇ ਹਨ ਅਤੇ ਹੁਕਮਰਾਨ ਘੱਟ ਗਿਣਤੀ ਕੌਮਾਂ, ਫਿਰਕਿਆ ਨੂੰ ਨਕਸਲਾਈਟ, ਮਾਉਵਾਦੀ, ਮੁਸਲਿਮ, ਆਦਿਵਾਸੀਆਂ ਨੂੰ ਗੈਰ ਇਨਸਾਨੀ ਢੰਗ ਨਾਲ ਮਾਰੀ ਜਾ ਰਹੇ ਹਨ। ਇਨ੍ਹਾਂ ਉੱਤੇ ਅਫਸਪਾ ਵਰਗੇ ਕਾਲੇ ਕਾਨੂੰਨ ਲਗਾ ਕੇ ਜ਼ਬਰ ਕਰ ਰਹੇ ਹਨ। ਜਿੰਮੀਦਾਰਾਂ, ਮਜਦੂਰਾਂ ਅਤੇ ਹੁਕਮਰਾਨਾਂ ਦੇ ਤਾਨਾਸ਼ਾਹੀ ਟਕਰਾਅ ਦੇ ਅਮਲਾਂ ਨੂੰ ਰੋਕਣਾ ਸੁਪਰੀਮ ਕੋਰਟ ਦੀ ਜਿੰਮੇਵਾਰੀ ਨਹੀਂ, ਸੁਪਰੀਮ ਕੋਰਟ ਨੂੰ ਤਾਂ ਹੋਰ ਵੱਡੀਆਂ ਗੰਭੀਰ ਜਿੰਮੇਵਾਰੀਆਂ ਹਨ। ਜਿਸ ਨੂੰ ਲੰਮੇ ਸਮੇਂ ਤੋਂ ਪੂਰਨ ਨਹੀਂ ਕੀਤਾ ਜਾ ਰਿਹਾ। ਜਦੋਂ ਕਿ ਇਨ੍ਹਾਂ ਸੁਪਰੀਮ ਕੋਰਟਾਂ ਤੇ ਹਾਈਕੋਰਟਾਂ ਦੇ ਮੁੱਖ ਜੱਜਾਂ ਦੇ ਅਹੁੱਦਿਆ ਉੱਤੇ ਸ਼ਹਿਰੀ ਲਾਲਿਆਂ ਦੇ ਪੁੱਤਰਾਂ ਨੂੰ ਲਗਾਇਆ ਹੋਇਆ ਹੈ ਜਿਨ੍ਹਾਂ ਨੂੰ ਖੇਤੀ ਫਸਲਾਂ ਸੰਬੰਧੀ ਆਉਣ ਵਾਲੀਆਂ ਮੁਸ਼ਕਿਲਾਂ ਦੀ ਨਾ ਕੋਈ ਜਾਣਕਾਰੀ ਹੈ ਨਾ ਮਹਿਸੂਸਤਾ ਹੈ। ਇਨ੍ਹਾਂ ਨੂੰ ਤਾਂ ਇਹ ਵੀ ਜਾਣਕਾਰੀ ਨਹੀਂ ਕਿ ਕਣਕ ਦੀ ਫਸਲ ਕਿੱਥੇ ਲੱਗਦੀ ਹੈ? ਆਰਟੀਕਲ 21 ਵਿਧਾਨ ਰਾਹੀ ਸਭਨਾਂ ਨੂੰ ਆਜਾਦੀ ਨਾਲ ਜਿੰਦਗੀ ਜਿਊਣ ਅਤੇ ਆਪਣੇ ਕਾਰੋਬਾਰ ਕਰਨ ਦਾ ਹੱਕ ਪ੍ਰਦਾਨ ਕਰਦਾ ਹੈ। ਜਿਸ ਨੂੰ ਇਹ ਸ਼ਹਿਰੀ ਜੱਜ ਤੇ ਅਦਾਲਤਾਂ ਕੁੱਚਲ ਰਹੀਆਂ ਹਨ। ਜਦੋਂ ਕਿ ਇਨ੍ਹਾਂ ਅਦਾਲਤਾਂ ਵਿੱਚ ਦਿਹਾਤ ਨਾਲ ਸੰਬੰਧਤ ਉਨ੍ਹਾਂ ਜੱਜਾਂ ਦੀ ਨਿਯੁਕਤੀ ਹੋਣੀ ਚਾਹੀਦੀ ਹੈ ਜਿਨ੍ਹਾਂ ਨੂੰ ਦਿਹਾਤ ਵਿੱਚ ਵੱਸਣ ਵਾਲੇ ਨਿਵਾਸੀਆਂ, ਜਿੰਮੀਦਾਰਾਂ, ਮਜਦੂਰਾਂ ਦੀਆਂ ਮੁਸ਼ਕਿਲਾਂ ਦੀ ਸੰਜੀਦਗੀ ਰੂਪ ਵਿੱਚ ਜਾਣਕਾਰੀ ਹੋਵੇ ਅਤੇ ਉਨ੍ਹਾਂ ਦੇ ਮਸਲਿਆਂ ਨੂੰ ਸਹੀ ਢੰਗ ਨਾਲ ਹੱਲ ਕਰ ਸਕਣ ਨਾ ਕਿ ਤਾਨਾਸ਼ਾਹੀ ਹੁਕਮਾਂ ਰਾਹੀਂ ਉਨ੍ਹਾਂ ਨਾਲ ਜ਼ਬਰ ਜੁਲਮ ਕਰਨ।

23 ਨਵੰਬਰ ਨੂੰ ਸਮੁੱਚਾ ਖ਼ਾਲਸਾ ਪੰਥ ਗੁਰਦੁਆਰਾ ਜਫ਼ਰਨਾਮਾ ਦੀਨਾਂ ਕਾਂਗੜ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾਂ ਸ਼ਹੀਦੀ ਦਿਹਾੜੇ 'ਤੇ ਪਹੁੰਚੇ: ਮਾਨ

ਫ਼ਤਹਿਗੜ੍ਹ ਸਾਹਿਬ, 19 ਨਵੰਬਰ 2025- "ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ, ਸ਼ਹੀਦ ਭਾਈ ਸਤੀ ਦਾਸ, ਮਤੀ ਦਾਸ, ਭਾਈ ਜੈਤਾ ਜੀ ਅਤੇ ਭਾਈ ਲੱਖੀ ਸ਼ਾਹ ਬਣਜਾਰਾ ਦੀਆਂ ਮਹਾਨ ਸ਼ਹਾਦਤਾਂ ਨੂੰ ਨਤਮਸਤਕ ਹੁੰਦੇ ਹੋਏ ਉਨ੍ਹਾਂ ਵੱਲੋਂ ਸ਼ਹਾਦਤਾਂ ਦੇਣ ਦੇ ਮਕਸਦ ਉੱਤੇ ਕੌਮ ਵੱਲੋਂ ਦ੍ਰਿੜ ਰਹਿਣ ਨੂੰ ਲੈ ਕੇ ਉਪਰੋਕਤ ਗੁਰਦੁਆਰਾ ਜਫ਼ਰਨਾਮਾ ਦੀਨਾਂ ਕਾਂਗੜ (ਮੋਗਾ) ਵਿਖੇ 350 ਸਾਲਾਂ ਸ਼ਹੀਦੀ ਦਿਹਾੜਾ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਪੂਰੀ ਸ਼ਰਧਾ ਤੇ ਸਤਿਕਾਰ ਨਾਲ ਮਨਾਉਣ ਜਾ ਰਿਹਾ ਹੈ। ਜਿਸ ਵਿੱਚ ਅਸੀਂ ਹਰ ਵਰਗ, ਸੰਗਠਨ, ਸੰਸਥਾਂ, ਵੱਖ-ਵੱਖ ਕੌਮਾਂ, ਕਬੀਲਿਆਂ, ਵਰਗਾਂ ਨੂੰ ਖੁੱਲ੍ਹੇ ਰੂਪ ਵਿੱਚ ਇਸ ਲਈ ਸੱਦਾ ਦਿੱਤਾ ਹੈ ਤਾਂ ਕਿ ਜੋ ਗੁਰੂ ਸਾਹਿਬਾਨ ਨੇ ਮਨੁੱਖਤਾ ਦੀ ਰਾਖੀ ਲਈ ਅਤੇ ਇਨਸਾਨੀ ਕਦਰਾਂ ਕੀਮਤਾਂ ਨੂੰ ਕਾਇਮ ਰੱਖਣ ਲਈ ਆਪਣੀ ਮਹਾਨ ਸ਼ਹਾਦਤ ਦਿੱਤੀ। ਉਸਦੇ ਮਕਸਦ ਨੂੰ ਸਮੁੱਚੇ ਸੰਸਾਰ ਵਿੱਚ ਪ੍ਰਚਾਰਿਆ ਤੇ ਪ੍ਰਸਾਰਿਆ ਜਾ ਸਕੇ। ਇਸ ਲਈ ਹੀ ਅਸੀਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨਾਲ ਸੰਬੰਧਤ ਉਪਰੋਕਤ ਇਤਿਹਾਸਿਕ ਮਹਾਨ ਸਥਾਨ ਤੇ ਇਸ

ਅੰਕ 9 ਨਵੰਬਰ 2025

ਮੈਗਜ਼ੀਨ

ਬਾਗ਼ੀ

ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ)

ਸੰਪਾਦਕ-ਰਸ਼ਪਿੰਦਰ ਕੌਰ ਗਿੱਲ

ਦਿਨ ਨੂੰ ਮਨਾਉਣ ਦਾ ਫੈਸਲਾ ਕੀਤਾ ਹੈ। ਉਮੀਦ ਕਰਦੇ ਹਾਂ ਕਿ ਸਮੁੱਚੇ ਖ਼ਾਲਸਾ ਪੰਥ ਇਸ ਮੌਕੇ ਤੇ ਪਹੁੰਚ ਕੇ ਜਿੱਥੇ ਗੁਰੂ ਸਾਹਿਬਾਨ ਤੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਨਗੇ, ਉੱਥੇ ਉਨ੍ਹਾਂ ਵੱਲੋਂ ਪਾਏ ਮਨੁੱਖਤਾ ਪੱਖੀ ਪੂਰਨਿਆ ਤੇ ਚੱਲਣ ਦਾ ਪ੍ਰਣ ਵੀ ਕਰਨਗੇ।" ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਸਮੁੱਚੇ ਖ਼ਾਲਸਾ ਪੰਥ ਅਤੇ ਮਨੁੱਖਤਾ ਨੂੰ 23 ਨਵੰਬਰ ਨੂੰ ਗੁਰਦੁਆਰਾ ਜਫ਼ਰਨਾਮਾ ਦੀਨਾਂ ਕਾਂਗੜ ਵਿਖੇ ਪਹੁੰਚਣ ਦੀ ਖੁੱਲ੍ਹੀ ਅਪੀਲ ਕਰਦੇ ਹੋਏ ਪ੍ਰਗਟ ਕੀਤੇ। ਉਨ੍ਹਾਂ ਕਿਹਾ ਕਿ ਜੋ ਹਿੰਦੂਤਵ ਮੋਦੀ ਮੁਤੱਸਵੀ ਹਕੂਮਤ ਇਸ ਸਮੇਂ ਇੰਡੀਆ ਤੇ ਰਾਜ ਕਰ ਰਹੀ ਹੈ, ਉਹ ਆਪਣੀ ਸੌੜੀ ਸੋਚ ਅਧੀਨ ਗੁਰੂ ਸਾਹਿਬਾਨ ਜੀ ਦੀ ਮਹਾਨ ਸ਼ਹਾਦਤ ਨੂੰ ਕੇਵਲ ਇੰਡੀਆ ਦੀਆਂ ਹੱਦਾਂ ਅੰਦਰ ਮਹਿਫ਼ੂਜ ਕਰਕੇ 'ਹਿੰਦ ਦੀ ਚਾਂਦਰ' ਗਰਦਾਨ ਕੇ ਉਨ੍ਹਾਂ ਵੱਲੋਂ ਸਮੁੱਚੀ ਮਨੁੱਖਤਾ ਲਈ ਦਿੱਤੀ ਕੁਰਬਾਨੀ ਤੇ ਸ਼ਹਾਦਤ ਨੂੰ ਸੀਮਤ ਕਰਨਾ ਚਾਹੁੰਦੀਆਂ ਹਨ। ਜਦੋਂ ਕਿ ਉਨ੍ਹਾਂ ਦੀ ਵਿਸ਼ਾਲਤਾ ਤਾਂ ਸਮੁੱਚੇ ਸੰਸਾਰ ਦੇ ਵਾਸੀਆਂ ਤੇ ਮਨੁੱਖਤਾ ਨਾਲ ਸੰਬੰਧਤ ਹੈ। ਉਨ੍ਹਾਂ ਦੇ ਸੰਦੇਸ਼ ਨੂੰ ਦੁਨੀਆ ਦੇ ਹਰ ਵਰਗ, ਕੌਮ, ਧਰਮ ਅਤੇ ਮਨੁੱਖਤਾ ਵਿੱਚ ਪਹੁੰਚਾਉਣਾ ਸਾਡਾ ਕੌਮੀ ਫਰਜ ਹੈ। ਇੱਥੇ ਇਹ ਵੀ ਵਰਣਨ ਕਰਨਾ ਜਰੂਰੀ ਹੈ ਕਿ ਗੁਰੂ ਨਾਨਕ ਸਾਹਿਬ ਨੇ ਸਭ ਧਰਮਾਂ ਵਿੱਚ ਸਮੇਂ-ਸਮੇਂ ਤੇ ਉਤਪੰਨ ਹੋ ਚੁੱਕੀਆਂ ਬੁਰਾਈਆਂ ਤੇ ਕਮੀਆਂ ਨੂੰ ਖਤਮ ਕਰਨ ਹਿੱਤ ਸਿੱਖ ਧਰਮ ਦੀ ਨੀਂਹ ਰੱਖਦੇ ਹੋਏ ਇਸ ਨੂੰ ਅੱਗੇ ਵਧਾਇਆ। ਇਸੇ ਸੋਚ ਅਧੀਨ ਕਸ਼ਮੀਰੀ

ਪੰਡਿਤਾਂ ਜਿਨ੍ਹਾਂ ਉੱਤੇ ਹੁਕਮਰਾਨ ਜ਼ਬਰ ਜੁਲਮ ਕਰ ਰਿਹਾ ਸੀ ਅਤੇ ਉਨ੍ਹਾਂ ਨੂੰ ਜਬਰੀ ਮੁਸਲਮਾਨ ਬਣਾਉਣਾ ਚਾਹੁੰਦਾ ਸੀ, ਇਨ੍ਹਾਂ ਹਿੰਦੂਆਂ ਤੇ ਹਿੰਦੂ ਧਰਮ ਦੀ ਰਾਖੀ ਤੇ ਇਨਸਾਨੀਅਤ ਲਈ ਹੀ ਇਹ ਸੰਦੇਸ਼ ਹੁਕਮਰਾਨ ਨੂੰ ਇਨ੍ਹਾਂ ਕਸ਼ਮੀਰੀ ਪੰਡਿਤਾਂ ਰਾਹੀਂ ਪਹੁੰਚਾਇਆ ਕਿ ਉਹ ਪਹਿਲੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦਾ ਧਰਮ ਤਬਦੀਲ ਕਰਕੇ ਮੁਸਲਮਾਨ ਬਣਾ ਲੈਣ। ਜੇਕਰ ਉਹ ਪ੍ਰਵਾਨ ਕਰ ਲੈਣਗੇ ਤਾਂ ਅਸੀਂ ਵੀ ਇਸ ਨੂੰ ਪ੍ਰਵਾਨ ਕਰ ਲਵਾਂਗੇ। ਲੇਕਿਨ ਗੁਰੂ ਸਾਹਿਬ ਨੇ ਉਸ ਹਿੰਦੂ ਧਰਮ ਦੀ ਰੱਖਿਆ ਲਈ ਹੀ ਆਪਣੀ ਮਹਾਨ ਸ਼ਹਾਦਤ ਦੇ ਕੇ ਵੱਡੇ ਮਨੁੱਖਤਾ ਪੱਖੀ ਉਦਮਾਂ ਲਈ ਸਦਾ ਲਈ ਰਾਹ ਪੱਧਰਾ ਕੀਤਾ ਅਤੇ ਸਾਨੂੰ ਇਹ ਸੰਦੇਸ਼ ਦਿੱਤਾ ਕਿ 'ਭੈ ਕਾਹੁ ਕੋ ਦੇਤਿ ਨ, ਨ ਭੈ ਮਾਨਤਿ ਆਨਿ' ਅਰਥਾਤ ਨਾ ਸੱਚਾ ਸਿੱਖ ਕਿਸੇ ਨੂੰ ਬਿਨ੍ਹਾਂ ਵਜ੍ਹਾ ਡਰਾਉਂਦਾ ਹੈ ਨਾ ਹੀ ਵੱਡੇ ਤੋਂ ਵੱਡੀ ਤਾਕਤ ਦਾ ਡਰ ਭੈ ਰੱਖਦਾ ਹੈ। ਇਸ ਲਈ ਹੁਕਮਰਾਨ ਸਾਡੇ ਗੁਰੂ ਸਾਹਿਬਾਨ ਜੀ ਦੀ ਵੱਡੀ ਮਨੁੱਖਤਾ ਪੱਖੀ ਸੋਚ ਅਤੇ ਉਨ੍ਹਾਂ ਵੱਲੋਂ ਮਨੁੱਖਤਾ ਦੀ ਰਾਖੀ ਲਈ ਦਿੱਤੀਆਂ ਗਈਆਂ ਸ਼ਹਾਦਤਾਂ ਨੂੰ ਇੰਡੀਆ ਦੀਆਂ ਹੱਦਾਂ ਅੰਦਰ ਮਹਿਫ਼ੂਜ ਨਾ ਕਰ ਸਕੇ ਅਤੇ ਸਾਡੀ ਕੌਮੀ ਮਹੱਤਤਾ ਨੂੰ ਨੁਕਸਾਨ ਨਾ ਪਹੁੰਚਾ ਸਕੇ, ਇਸ ਨੂੰ ਮੁੱਖ ਰੱਖ ਕੇ ਹੀ ਅਸੀਂ ਇਹ 350 ਸਾਲਾ ਸ਼ਹੀਦੀ ਦਿਹਾੜਾ ਮਨਾ ਰਹੇ ਹਾਂ। ਤਾਂ ਕਿ ਉਨ੍ਹਾਂ ਵੱਲੋਂ ਮਨੁੱਖਤਾ ਨੂੰ ਦਿੱਤੇ ਸੰਦੇਸ਼, ਕੌਮੀ, ਨਿਯਮ, ਅਸੂਲ, ਸੱਚ-ਹੱਕ ਦੀ ਆਵਾਜ ਨੂੰ ਕੌਮਾਂਤਰੀ ਪੱਧਰ ਤੇ ਉਜਾਗਰ ਕਰਦੇ ਹੋਏ ਉਨ੍ਹਾਂ ਦੀਆਂ ਸ਼ਹਾਦਤਾਂ ਦੇ ਅਸਲ ਮਕਸਦ ਦਾ ਪ੍ਰਚਾਰ ਤੇ ਪ੍ਰਸਾਰ ਹੋ ਸਕੇ ਅਤੇ ਸਿੱਖ ਕੌਮ ਉਨ੍ਹਾਂ ਉੱਤੇ ਦ੍ਰਿੜਤਾ ਨਾਲ ਪਹਿਰਾ ਦਿੰਦੀ ਹੋਈ ਆਪਣੇ ਨਾਲ 78 ਸਾਲਾਂ ਤੋਂ ਹੁੰਦੀਆਂ ਆ ਰਹੀਆਂ ਹਕੂਮਤੀ ਬੇ-ਇਨਸਾਫ਼ੀਆਂ, ਵਿਤਕਰਿਆਂ ਨੂੰ ਦੂਰ ਕਰਵਾਉਣ ਲਈ ਇਕੱਤਰ ਹੋ ਕੇ ਸੰਘਰਸ਼ ਕਰ ਸਕੇ ਅਤੇ ਇਨਸਾਫ਼ ਦੀ ਮੰਜਿਲ ਨੂੰ ਪ੍ਰਾਪਤ ਕਰ ਸਕੇ।

ਹੁਕਮਰਾਨਾਂ ਵੱਲੋਂ ਛੱਤੀਸਗੜ੍ਹ, ਝਾਰਖੰਡ, ਬਿਹਾਰ, ਉੜੀਸਾ ਆਦਿ ਸੂਬਿਆਂ ਵਿੱਚ ਨਾਗਰਿਕਾਂ ਨੂੰ ਨਕਸਲਾਈਟ, ਮਾਓਵਾਦੀ ਕਹਿ ਕੇ ਮਾਰਨਾ ਅਣਮਨੁੱਖੀ: ਮਾਨ

ਫ਼ਤਹਿਗੜ੍ਹ ਸਾਹਿਬ, 20 ਨਵੰਬਰ 2025- "ਇੰਡੀਆਂ ਦੇ ਮੁਤੱਸਵੀ ਹੁਕਮਰਾਨ ਲੰਮੇ ਸਮੇਂ ਤੋਂ ਛੱਤੀਸਗੜ੍ਹ, ਝਾਰਖੰਡ, ਬਿਹਾਰ, ਉੜੀਸਾ ਆਦਿ ਸੂਬਿਆਂ ਦੇ ਜੰਗਲਾਂ ਤੇ ਪਹਾੜੀ ਇਲਾਕਿਆਂ ਵਿੱਚ ਵੱਸਣ ਵਾਲੇ ਆਦਿਵਾਸੀਆਂ ਨੂੰ ਮਾਓਵਾਦੀ, ਨਕਸਲਾਈਟ ਗਰਦਾਨ ਕੇ ਗੈਰ ਕਾਨੂੰਨੀ ਤੇ ਅਣਮਨੁੱਖੀ ਢੰਗ ਨਾਲ ਮਾਰਨ ਦੇ ਦੁੱਖਦਾਇਕ ਅਮਲ ਕਰਦੇ ਆ ਰਹੇ ਹਨ। ਜਦੋਂ ਕਿ ਇਹ ਸਭ ਨਿਵਾਸੀ ਇੰਡੀਆ ਦੇ ਨਾਗਰਿਕ ਹਨ। ਇਨ੍ਹਾਂ ਨੂੰ ਇਸ ਲਈ ਮਾਰਿਆ ਜਾ ਰਿਹਾ ਹੈ ਕਿ ਜੋ ਉਨ੍ਹਾਂ ਦੀ ਧਰਤੀ ਹੇਠ ਖਣਿਜ ਪਦਾਰਥ ਮਾਲੀ ਸਾਧਨ ਹਨ ਜਾਂ ਜੰਗਲੀ ਦਰੱਖਤ ਦੀਆਂ ਲੱਕੜਾਂ ਹਨ ਉਨ੍ਹਾਂ ਉੱਤੇ ਧਨਾਂਢ ਵਪਾਰੀਆਂ ਦੇ ਕਬਜੇ ਕਰਵਾ ਕੇ ਉਨ੍ਹਾਂ ਦੀ ਆਰਥਿਕਤਾ ਨੂੰ ਤਬਾਹ ਕਰਦੇ ਹੋਏ ਉਨ੍ਹਾਂ ਨੂੰ ਗੁਲਾਮੀ ਵੱਲ ਜ਼ਬਰੀ ਧਕੇਲਣ ਦੀਆਂ ਕਾਰਵਾਈਆਂ ਕੀਤੀਆਂ ਜਾ ਰਹੀਆਂ ਹਨ ਜੋ ਅਸਹਿ ਹਨ। ਅਜਿਹੀਆਂ ਕਾਰਵਾਈਆਂ ਨੂੰ ਇੰਡੀਆ ਦਾ ਵਿਧਾਨ ਕਰਨ ਦੀ ਬਿਲਕੁਲ ਇਜਾਜ਼ਤ ਨਹੀਂ ਦਿੰਦਾ। ਬਲਕਿ ਵਿਧਾਨ ਦੀ ਧਾਰਾ 14, 19, 21 ਰਾਹੀਂ ਬਰਾਬਰਤਾ ਦੇ ਹੱਕ ਪ੍ਰਾਪਤ ਕਰਨ, ਆਜਾਦੀ ਨਾਲ ਆਪਣੇ ਵਿਚਾਰ ਪ੍ਰਗਟ ਕਰਨ ਅਤੇ ਬਿਨ੍ਹਾਂ ਕਿਸੇ ਡਰ ਭੈਅ ਤੋਂ ਆਜਾਦੀ ਨਾਲ ਜਿੰਦਗੀ ਜਿਊਣ ਦੇ ਹੱਕ ਪ੍ਰਦਾਨ ਕਰਦਾ ਹੈ। ਹੁਕਮਰਾਨ ਅਜਿਹਾ ਅਮਲ ਕਰਕੇ ਅਤੇ ਅਣਮਨੁੱਖੀ ਢੰਗ ਨਾਲ ਮੌਤ ਦੇ ਮੂੰਹ ਵਿੱਚ ਧਕੇਲ ਕੇ ਅਸਲੀਅਤ ਵਿੱਚ ਇੰਡੀਅਨ ਵਿਧਾਨ ਦੇ ਨਿਯਮਾਂ ਦੀ ਘੋਰ ਉਲੰਘਣਾ ਕਰ ਰਿਹਾ ਹੈ। ਜਿਸਦੀ ਸ਼੍ਰੋਮਣੀ

ਅਕਾਲੀ ਦਲ (ਅੰਮ੍ਰਿਤਸਰ) ਸਖਤ ਸ਼ਬਦਾਂ ਵਿੱਚ ਨਿੰਦਾ ਕਰਦੇ ਹੋਏ ਇਸ ਅਮਲ ਨੂੰ ਬੰਦ ਕਰਨ ਦੀ ਗੱਲ ਕਰਦਾ ਹੈ।" ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਉਪਰੋਕਤ ਸੂਬਿਆਂ ਵਿੱਚ4ਚ ਵੱਸਣ ਵਾਲੇ ਮਜਲੂਮ, ਗਰੀਬ, ਆਦਿਵਾਸੀਆਂ ਦੇ ਮਾਲੀ ਸਾਧਨਾਂ ਨੂੰ ਲੁੱਟਣ ਦੀ ਮੰਦਭਾਵਨਾ ਅਧੀਨ ਉਨ੍ਹਾਂ ਉੱਤੇ ਗੈਰ ਕਾਨੂੰਨੀ ਢੰਗ ਨਾਲ ਹਮਲੇ ਕਰਕੇ ਉਨ੍ਹਾਂ ਨੂੰ ਮਾਰ ਦੇਣ ਦੀਆਂ ਕਾਰਵਾਈਆਂ ਨੂੰ ਗੈਰ ਵਿਧਾਨਿਕ ਤੇ ਸ਼ਰਮਨਾਕ ਕਰਾਰ ਦਿੰਦੇ ਹੋਏ ਪ੍ਰਗਟ ਕੀਤੇ। ਉਨ੍ਹਾਂ ਕਿਹਾ ਕਿ ਬੀਤੇ ਸਮੇਂ ਵਿੱਚ 25 ਮਾਰਚ 1966 ਨੂੰ ਉਸ ਸਮੇਂ ਦੀ ਇੰਦਰਾ ਗਾਂਧੀ ਹਕੂਮਤ ਨੇ ਬਸਤਰ ਦੇ ਰਾਜਾ ਪਰਾਵੀਰ ਚੰਦਰਾ ਭਾਂਜ ਦੀਓ ਨੂੰ ਵੀ ਇਸੇ ਸੋਚ ਅਧੀਨ ਮਰਵਾ ਦਿੱਤਾ ਸੀ। ਉਹ ਇਨ੍ਹਾਂ ਆਦਿਵਾਸੀ ਅਤੇ ਕਬੀਲਿਆਂ ਦਾ ਰਾਜਾ ਸੀ। ਮੈਂ ਉੱਥੇ ਸੀ.ਆਈ.ਐਸ.ਐਫ ਦੇ ਮੁੱਖੀ ਦੀ ਬਤੌਰ ਆਈ.ਪੀ.ਐਸ ਦੀ ਜਿੰਮੇਵਾਰੀ ਨਿਭਾਉਂਦਾ ਰਿਹਾ ਹਾਂ। ਮੇਰੀ ਇੱਕ ਯੂਨਿਟ ਬਸਤਰ ਵਿਖੇ ਲੱਗੀ ਹੋਈ ਸੀ। ਅਕਸਰ ਹੀ ਮੈਂ ਉੱਥੇ ਆਉਂਦਾ-ਜਾਂਦਾ ਰਹਿੰਦਾ ਸੀ। ਉਪਰੋਕਤ ਆਦਿਵਾਸੀਆਂ ਦੇ ਰਾਜਾ ਦੀਓ ਕੋਲ ਆਪਣੇ ਰਵਾਇਤੀ ਤੋਲੇਦਾਰ ਹਥਿਆਰ ਸਨ। ਜੋ ਕਿ ਇੰਡੀਅਨ ਫੋਰਸਾਂ ਕੋਲ ਆਧੁਨਿਕ ਮਸ਼ੀਨ ਗੰਨਾਂ ਦਾ ਮੁਕਾਬਲਾ ਕਰਨ ਦੀ ਸਮਰੱਥਾ ਨਹੀਂ ਸੀ ਰੱਖਦੇ। ਇਨ੍ਹਾਂ ਮਸ਼ੀਨਗੰਨਾਂ ਰਾਹੀਂ ਉਸ ਰਾਜੇ ਤੇ ਉਸਦੀ ਜਨਤਾ ਨੂੰ ਹੁਕਮਰਾਨਾਂ ਨੇ ਮਾਰ ਦਿੱਤਾ। ਉਨ੍ਹਾਂ ਮੰਗ ਕੀਤੀ ਕਿ ਜਿਸ ਤਰ੍ਹਾਂ ਦਾ ਉਹ ਮਿਹਨਤ, ਮੁਸ਼ੱਕਤ ਨਾਲ ਆਪਣੇ ਜੰਗਲਾਂ ਤੇ

ਪਹਾੜਾਂ ਵਿੱਚ ਵਾਸਾ ਕਰਦੇ ਹੋਏ ਆਪਣੇ ਜਮੀਨ ਹੇਠਲੇ ਸਾਧਨਾਂ ਖਣਿਜ ਪਦਾਰਥਾਂ ਤੇ ਜੰਗਲੀ ਲੱਕੜ ਨੂੰ ਕੱਢ ਕੇ ਆਪਣਾ ਜੀਵਨ ਨਿਰਵਾਹ ਕਰਦੇ ਹਨ। ਲੇਕਿਨ ਹੁਕਮਰਾਨਾਂ ਨੇ ਉਨ੍ਹਾਂ ਨੂੰ ਅੱਛੀਆਂ ਸਹੂਲਤਾਂ ਦੇਣ ਦੀ ਬਜਾਇ ਉਨ੍ਹਾਂ ਦੇ ਮਾਲੀ ਸਾਧਨਾਂ ਨੂੰ ਲੁੱਟ ਕੇ ਅਤੇ ਜ਼ਬਰ ਕਰਕੇ ਉਨ੍ਹਾਂ ਉੱਤੇ ਗੈਰ ਕਾਨੂੰਨੀ ਅਮਲ ਕੀਤੇ ਹਨ। ਜਦੋਂ ਕਿ ਉਨ੍ਹਾਂ ਦੀਆਂ ਬੀਬੀਆਂ ਕੋਲ ਆਪਣਾ ਤਨ ਢੱਕਣ ਲਈ ਵੀ ਲੋੜੀਂਦੇ ਕੱਪੜੇ ਨਹੀਂ ਸਨ ਹੁੰਦੇ। ਅਤਿ ਦੀ ਗਰੀਬੀ ਵਿੱਚ ਆਪਣਾ ਜੀਵਨ ਨਿਰਵਾਹ ਕਰਦੇ ਹਨ। ਇਹ ਹੋਰ ਵੀ ਦੁੱਖਦਾਇਕ ਵਰਤਾਰਾ ਹੋ ਰਿਹਾ ਹੈ ਕਿ ਜੰਗਲਾਂ ਵਿੱਚ ਵੱਸਣ ਵਾਲੇ ਸ਼ੇਰ, ਚੀਤੇ ਤੇ ਹੋਰ ਮਹੱਤਵਪੂਰਨ ਜਾਨਵਰਾਂ ਨੂੰ ਵੀ ਨਿਰੰਤਰ ਮਾਰਦੇ ਆ ਰਹੇ ਹਨ। ਜੋ ਸੀ.ਪੀ.ਆਈ, ਸੀ.ਪੀ.ਐਮ ਖੱਬੇਪੱਖੀ ਪਾਰਟੀਆਂ ਹਨ ਜਿਨ੍ਹਾਂ ਨੂੰ ਅਕਸਰ ਗਰੀਬਾਂ, ਮਜਲੂਮਾਂ ਦੇ ਹੱਕਾਂ ਦੀ ਰਖਵਾਲੀ ਵਿਰੁੱਧ ਬੋਲਣ ਲਈ ਮੰਨਿਆ ਜਾਂਦਾ ਹੈ, ਉਹ ਵੀ ਇਨ੍ਹਾਂ ਗਰੀਬਾਂ ਦੀ ਰਾਖੀ ਤੇ ਹੱਕਾਂ ਲਈ ਬਿਲਕੁਲ ਆਵਾਜ ਨਹੀਂ ਉਠਾ ਰਹੇ ਜੋ ਕਿ ਅਫਸੋਸਨਾਕ ਅਮਲ ਹਨ।

ਖਾਲਸਾ ਪੰਥ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਨੂੰ ਸਮਰਪਿਤ ਸਰਕਾਰੀ ਪ੍ਰੋਗਰਾਮਾਂ ਵਿੱਚ ਸ਼ਾਮਿਲ ਨਾ ਹੋ ਕੇ ਦੀਨਾਂ ਕਾਂਗੜ ਵਿਖੇ ਸ਼ਮੂਲੀਅਤ ਕਰਨ: ਮਾਨ

ਫ਼ਤਹਿਗੜ੍ਹ ਸਾਹਿਬ, 20 ਨਵੰਬਰ 2025- "ਸਮੁੱਚਾ ਖਾਲਸਾ ਪੰਥ ਨੌਵੇਂ ਪਾਤਸ਼ਾਹੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਨਤਮਸਤਕ ਹੋਣ ਜਾ ਰਿਹਾ ਹੈ। ਲੇਕਿਨ ਸੈਂਟਰ ਅਤੇ ਪੰਜਾਬ ਦੀਆਂ ਸਰਕਾਰਾਂ ਵੱਲੋਂ ਸਾਡੇ ਇਸ ਮਹਾਨ ਸ਼ਹੀਦੀ ਦਿਹਾੜੇ ਉੱਤੇ ਸਰਕਾਰੀ ਪੱਧਰ ਤੇ ਪ੍ਰੋਗਰਾਮ ਰੱਖੇ ਗਏ ਹਨ। ਜਿਸ ਨੂੰ ਸਮਝਦੇ ਹੋਏ ਜੱਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸਿੱਖ ਕੌਮ ਨੂੰ ਅਪੀਲ ਕੀਤੀ ਹੈ ਕਿ ਉਹ ਸਰਕਾਰੀ ਪ੍ਰੋਗਰਾਮਾਂ ਵਿੱਚ ਸ਼ਾਮਿਲ ਨਾ ਹੋ ਕੇ ਪੰਥ ਦੇ ਪ੍ਰੋਗਰਾਮਾਂ ਵਿੱਚ ਸ਼ਮੂਲੀਅਤ ਕਰਨ। ਹੁਣ ਜਦੋਂ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵੱਲੋਂ 23 ਨਵੰਬਰ ਨੂੰ ਗੁਰਦੁਆਰਾ ਜਫਰਨਾਮਾ ਦੀਨਾਂ ਕਾਂਗੜ (ਮੋਗਾ) ਵਿਖੇ ਅਰਦਾਸ ਕਰਦੇ ਹੋਏ ਸ਼ਹੀਦੀ ਦਿਹਾੜੇ ਨੂੰ ਸ਼ਰਧਾ ਪੂਰਵਕ ਮਨਾਇਆ ਜਾ ਰਿਹਾ ਹੈ ਅਤੇ ਇਹ ਉਦਮ ਕਰਕੇ ਉਨ੍ਹਾਂ ਦੇ ਆਦੇਸ਼ਾਂ ਨੂੰ ਸਮੁੱਚੇ ਸੰਸਾਰ ਵਿੱਚ, ਸਮੁੱਚੇ ਵਰਗਾਂ ਵਿੱਚ ਪਹੁੰਚਾਉਣ ਦੀ ਜਿੰਮੇਵਾਰੀ ਨਿਭਾਉਣ ਜਾ ਰਿਹਾ ਹੈ ਤਾਂ ਹੁਣ ਖਾਲਸਾ ਪੰਥ ਨੂੰ ਸ੍ਰੀ ਅਕਾਲ ਤਖਤ ਸਾਹਿਬ ਦੇ ਹੁਕਮਾਂ ਨੂੰ ਪ੍ਰਵਾਨ ਕਰਦੇ ਹੋਏ ਪੰਥਕ ਤੌਰ ਤੇ ਮਨਾਏ ਜਾ ਰਹੇ ਦੀਨਾਂ ਕਾਂਗੜ ਵਿਖੇ ਸ਼ਹੀਦੀ ਦਿਹਾੜੇ ਤੇ ਸ਼ਮੂਲੀਅਤ ਕਰੇ ਤਾਂ ਕਿ ਅਸੀਂ ਆਪਣੀਆਂ ਕੌਮੀ ਮੁਫਾਦਾਂ ਨੂੰ ਮੁੱਖ ਰੱਖ ਕੇ ਜਿੱਥੇ ਉਨ੍ਹਾਂ ਵੱਲੋਂ ਦਿੱਤੀ ਸ਼ਹਾਦਤ ਦੇ ਸੰਦੇਸ਼ ਨੂੰ ਪ੍ਰਚਾਰ ਤੇ ਪ੍ਰਸਾਰ ਸਕੀਏ, ਉੱਥੇ ਅਗਲੀ ਕੌਮੀ ਸੰਘਰਸ਼ ਨੂੰ ਮੰਜਿਲ ਵੱਲ ਵਧਾ ਸਕੀਏ। ਸ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਉਮੀਦ ਪ੍ਰਗਟ ਕੀਤੀ ਕਿ ਸਮੁੱਚਾ ਖਾਲਸਾ ਪੰਥ ਇਸ ਇਤਿਹਾਸਿਕ ਦਿਹਾੜੇ ਦੀ ਮਹੱਤਤਾ ਨੂੰ ਸਮਝਦੇ ਹੋਏ ਦੀਨਾ ਕਾਂਗੜ ਵਿਖੇ ਪਹੁੰਚੇ।"

ਅੰਕ 9 ਨਵੰਬਰ 2025

ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ

ਮੈਗਜ਼ੀਨ

ਬਾਗ਼ੀ

ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ)

ਸੰਪਾਦਕ-ਰਸ਼ਪਿੰਦਰ ਕੌਰ ਗਿੱਲ

ਇਹ ਸਾਬਤ ਹੋ ਗਿਆ ਹੈ ਕਿ ਚੋਣ ਅਫਸਰ ਪੰਜਾਬ ਨੇ ਤਰਨਤਾਰਨ ਦੇ ਐਸ.ਐਸ.ਪੀ ਬੀਬੀ ਗਰੇਵਾਲ ਨੂੰ ਗਲਤ ਢੰਗ ਨਾਲ ਮੁਅੱਤਲ ਕੀਤਾ ਹੈ: ਮਾਨ

ਫ਼ਤਹਿਗੜ੍ਹ ਸਾਹਿਬ, 15 ਨਵੰਬਰ 2025- "ਤਰਨਤਾਰਨ ਦਾ ਸਰਹੱਦੀ ਜ਼ਿਲ੍ਹਾ ਹੈ, ਜਿੱਥੇ ਬੀਤੇ ਸਮੇਂ ਵਿੱਚ ਅਕਸਰ ਹੀ ਚੋਣਾਂ ਸਮੇਂ ਖੂਨ ਖਰਾਬਾ, ਸ਼ਰਾਰਤਾਂ ਤੇ ਗੈਰ ਕਾਨੂੰਨੀ ਅਮਲ ਹੁੰਦੇ ਰਹੇ ਹਨ। ਇਹ ਪਹਿਲੀ ਵਾਰ ਹੋਇਆ ਹੈ ਕਿ ਬਿਨ੍ਹਾਂ ਕਿਸੇ ਗੜਬੜ ਦੇ ਅਤੇ ਕੋਈ ਜਾਨੀ-ਮਾਲੀ ਨੁਕਸਾਨ ਜਾਂ ਸ਼ਰਾਰਤ ਦੇ ਤਰਨਤਾਰਨ ਦੀ ਜਿਮਨੀ ਚੋਣ ਬਹੁਤ ਹੀ ਨਿਰਪੱਖਤਾ ਤੇ ਅਮਨ ਪੂਰਵਕ ਢੰਗ ਨਾਲ ਸਿਰੇ ਚੜ੍ਹੀ ਹੈ। ਇਹ ਇਸ ਕਰਕੇ ਹੋਇਆ ਹੈ ਕਿ ਬੀਬੀ ਰਵਜੋਤ ਕੌਰ ਗਰੇਵਾਲ ਨੇ ਚੋਣਾਂ ਤੋਂ ਪਹਿਲੇ ਅਤੇ ਚੋਣ ਪ੍ਰਕਿਰਿਆ ਸ਼ੁਰੂ ਹੋਣ ਉਪਰੰਤ ਉੱਥੋਂ ਦੀ ਕਾਨੂੰਨੀ ਵਿਵਸਥਾ ਨੂੰ ਸਹੀ ਢੰਗ ਨਾਲ ਪੂਰਨ ਕੀਤਾ ਅਤੇ ਉਨ੍ਹਾਂ ਨੇ ਆਪਣੇ ਅੱਛੇ ਪ੍ਰਬੰਧ ਉੱਤੇ ਅਮਲ ਕੀਤਾ। ਜੋ ਬੀਬੀ ਗਰੇਵਾਲ ਨੂੰ ਮੁਅੱਤਲ ਕੀਤਾ ਗਿਆ ਹੈ ਇਹ ਬਗੈਰ ਕਿਸੇ ਜਾਣਕਾਰੀ ਤੋਂ ਮੁੱਖ ਚੋਣ ਅਫਸਰ ਨੇ ਉਸ ਇਮਾਨਦਾਰ ਬੀਬੀ ਨੂੰ ਬਿਨ੍ਹਾਂ ਵਜ੍ਹਾ ਅਪਮਾਨਿਤ ਕਰਨ ਦੇ ਅਮਲ ਕੀਤੇ ਹਨ। ਅਜਿਹਾ ਇਸ ਕਰਕੇ ਹੋਇਆ ਹੈ ਕਿ ਅਸੀਂ ਮਹਿਸੂਸ ਕਰਦੇ ਹਾਂ ਕਿ ਚੋਣ ਕਮਿਸ਼ਨ ਦਾ ਤੁਜਰਬਾ ਘੱਟ ਹੈ। ਜਦੋਂ ਕਿ ਇੰਡੀਆ ਦੇ ਬੀਤੇ ਸਮੇਂ ਦੇ ਮੁੱਖ ਚੋਣ ਕਮਿਸਨਰ ਟੀ.ਐਨ. ਸੈਸ਼ਨ ਵਰਗਾ ਵਿਸ਼ਾਲ ਤਜੁਰਬਾ ਬਹੁਤ ਘੱਟ ਅਫਸਰਾਨ ਵਿੱਚ ਹੈ।" ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਤਰਨਤਾਰਨ ਸਰਹੱਦੀ ਜ਼ਿਲ੍ਹੇ ਦੀ ਵਿਧਾਨ ਸਭਾ ਦੀ ਹੋਈ ਜਿਮਨੀ ਚੋਣ ਵਿੱਚ ਮੁੱਖ ਚੋਣ ਅਫਸਰ ਪੰਜਾਬ ਵੱਲੋਂ ਉੱਥੋਂ ਦੀ ਇਮਾਨਦਾਰ ਐਸ.ਐਸ.ਪੀ ਬੀਬੀ ਰਵਜੋਤ ਕੌਰ ਗਰੇਵਾਲ ਨੂੰ ਗਲਤ ਜਾਣਕਾਰੀ ਹਿੱਤ ਮੁਅੱਤਲ ਕਰਨ ਦੀ ਹੋਈ ਕਾਰਵਾਈ ਉੱਤੇ ਗਹਿਰਾ ਦੁੱਖ ਜਾਹਰ ਕਰਦੇ ਹੋਏ ਅਤੇ ਮੁੱਖ ਚੋਣ ਅਫਸਰ ਪੰਜਾਬ ਨੂੰ ਉਸ ਐਸ.ਐਸ.ਪੀ ਬੀਬੀ ਨੂੰ ਉਸੇ ਸਥਾਨ ਤੇ ਬਹਾਲ ਕਰਨ ਦੀ ਇਨਸਾਫ ਪਸੰਦ ਆਵਾਜ ਉਠਾਉਂਦੇ ਹੋਏ ਪ੍ਰਗਟ ਕੀਤੇ।

ਸਿੱਖਾਂ ਉੱਤੇ ਹੋਣ ਵਾਲੇ ਜੁਲਮ ਸੰਬੰਧੀ ਬੀਤੇ ਸਮੇਂ ਦੇ ਮੁਗਲਾਂ ਅਤੇ ਅਜੋਕੇ ਹੁਕਮਰਾਨਾਂ ਦੇ ਅਮਲ ਵਿੱਚ ਕੋਈ ਰੱਤੀਭਰ ਵੀ ਅੰਤਰ ਨਹੀਂ: ਮਾਨ

ਫ਼ਤਹਿਗੜ੍ਹ ਸਾਹਿਬ, 22 ਨਵੰਬਰ 2025- "ਜਦੋਂ ਬੀਤੇ ਸਮੇਂ ਵਿੱਚ ਇੱਥੇ ਮੁਗਲ ਹਾਕਮ ਹਕੂਮਤ ਕਰਦੇ ਸਨ ਤਾਂ ਉਸ ਸਮੇਂ ਸਰਬੱਤ ਦਾ ਭਲਾ ਲੋੜਨ ਵਾਲੀ ਅਤੇ ਇਨਸਾਨੀਅਤ ਕਦਰਾਂ ਕੀਮਤਾਂ ਨੂੰ ਕਾਇਮ ਰੱਖਣ ਹਿੱਤ ਹਰ ਤਰ੍ਹਾਂ ਦੀਆਂ ਕੁਰਬਾਨੀਆਂ, ਸ਼ਹਾਦਤਾਂ ਅਤੇ ਤਿਆਗ ਕਰਨ ਵਾਲੀ ਸਿੱਖ ਕੌਮ ਉੱਤੇ ਮੁਗਲ ਹੁਕਮਰਾਨ ਗੈਰ ਇਨਸਾਨੀਅਤ ਢੰਗਾਂ ਰਾਹੀਂ ਜ਼ਬਰ ਜੁਲਮ ਕਰਦੇ ਰਹੇ ਹਨ ਅਤੇ ਉਨ੍ਹਾਂ ਦੇ ਜ਼ਬਰ ਜੁਲਮ, ਅਣਮਨੁੱਖੀ ਅਤੇ ਸਮਾਜਿਕ ਕਦਰਾਂ ਕੀਮਤਾਂ ਨੂੰ ਕੁੱਚਲਣ ਵਾਲੇ ਸਨ। ਲੇਕਿਨ ਅਜੋਕੇ ਹਿੰਦੂਤਵ ਹੁਕਮਰਾਨਾਂ ਅਤੇ ਮੁਗਲਾਂ ਦੀਆਂ ਸਿੱਖ ਕੌਮ ਪ੍ਰਤੀ ਕੀਤੇ ਜਾਣ ਵਾਲੇ ਅਮਲਾਂ ਦੀ ਨਿਰਪੱਖਤਾ ਨਾਲ ਜੇਕਰ ਪੜਚੋਲ ਕੀਤੀ ਜਾਵੇ ਤਾਂ ਅੱਜ ਵੀ ਉਸੇ ਤਰ੍ਹਾਂ ਦਾ ਜ਼ਬਰ ਜੁਲਮ ਹਿੰਦੂਤਵ ਹੁਕਮਰਾਨ ਸਿੱਖ ਕੌਮ ਨਾਲ ਪ੍ਰਤੱਖ ਕਰਦੇ ਨਜ਼ਰ ਆ ਰਹੇ ਹਨ। ਕਿਉਂਕਿ ਉਸ ਸਮੇਂ ਸਿੱਖ ਹੱਕਾਂ, ਸਿੱਖ ਧਰਮ ਅਤੇ ਇਨਸਾਨੀਅਤ, ਮਨੁੱਖੀ ਕਦਰਾਂ ਕੀਮਤਾਂ ਦੀ ਗੱਲ ਕਰਨ ਵਾਲੇ ਸਿੱਖਾਂ ਨੂੰ ਮੁਗਲ ਹੁਕਮਰਾਨ ਕੋਹ-ਕੋਹ ਕੇ ਸ਼ਹੀਦ ਕਰਦੇ ਰਹੇ ਹਨ ਅਤੇ ਸੱਚ ਦੀ ਆਵਾਜ ਨੂੰ ਬੁਲੰਦ ਕਰਨ ਤੋਂ ਰੋਕਣ ਲਈ ਅਸਫਲ ਕੋਸ਼ਿਸ਼ਾਂ ਕਰਦੇ ਰਹੇ ਹਨ। ਅੱਜ ਵੀ ਮੌਜੂਦਾ ਮੋਦੀ ਹਕੂਮਤ ਅਤੇ ਉਸਦੀ ਚੰਡਾਲ ਚੌਕੜੀ ਵਿਜਾਰਤ ਵਿੱਚ ਸ਼ਾਮਿਲ ਗ੍ਰਹਿ ਵਜੀਰ ਅਮਿਤ ਸ਼ਾਹ, ਵਿਦੇਸ਼ ਵਜੀਰ ਜੈਸ਼ੰਕਰ, ਰੱਖਿਆ ਵਜੀਰ ਰਾਜਨਾਥ ਸਿੰਘ, ਕੌਮੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ, ਰਾਅ ਮੁੱਖੀ ਰਵੀ ਸਿਨ੍ਹਾ ਅਤੇ ਸਾਬਕਾ ਰਾਅ ਮੁੱਖੀ ਸੰਮਤ ਗੋਇਲ ਨੇ ਹਰਦੀਪ ਸਿੰਘ ਨਿੱਝਰ, ਰਿਪੁਦਮਨ ਸਿੰਘ ਮਲਿਕ ਅਤੇ ਸੁਖਦੂਲ ਸਿੰਘ ਕੈਨੇਡਾ, ਅਵਤਾਰ ਸਿੰਘ ਖੰਡਾ ਬਰਤਾਨੀਆ, ਪਰਮਜੀਤ ਸਿੰਘ ਪੰਜਵੜ ਤੇ ਲਖਬੀਰ ਸਿੰਘ ਰੋਡੇ ਪਾਕਿਸਤਾਨ, ਦੀਪ ਸਿੰਘ ਸਿੱਧੂ ਹਰਿਆਣਾ, ਸ਼ੁਭਦੀਪ ਸਿੰਘ ਸਿੱਧੂ ਮੂਸੇਵਾਲਾ ਅਤੇ ਗੁਰਪ੍ਰੀਤ ਸਿੰਘ ਹਰੀ ਨੌ ਪੰਜਾਬ ਦੇ ਕਤਲ ਕਰਵਾਏ ਅਤੇ ਅਮਰੀਕਨ ਨਾਗਰਿਕ ਗੁਰਪਤਵੰਤ ਸਿੰਘ ਪੰਨੂ ਨੂੰ ਮਾਰਨ ਦੀ ਕੋਸ਼ਿਸ਼ ਕੀਤੀ। ਜੋ ਮੁਗਲਾਂ ਦੇ ਜ਼ਬਰ ਜੁਲਮ ਨੂੰ ਵੀ ਮਾਤ ਪਾ ਰਹੇ ਹਨ।" ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਮੁਗਲ ਹੁਕਮਰਾਨਾਂ ਅਤੇ ਮੌਜੂਦਾ ਹਿੰਦੂਤਵ ਹੁਕਮਰਾਨਾਂ ਵੱਲੋਂ ਸਿੱਖ ਕੌਮ

ਅੰਕ 9 ਨਵੰਬਰ 2025

ਮੈਗਜ਼ੀਨ

ਬਾਗ਼ੀ

ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ)

ਸੰਪਾਦਕ-ਰਸ਼ਪਿੰਦਰ ਕੌਰ ਗਿੱਲ

ਉੱਤੇ ਕੀਤੇ ਜਾਣ ਵਾਲੇ ਜ਼ਬਰ ਜ਼ੁਲਮਾਂ ਵਿੱਚ ਰੱਤੀ ਭਰ ਵੀ ਕੋਈ ਅੰਤਰ ਨਾ ਹੋਣ ਦੀ ਗੱਲ ਕਰਦੇ ਹੋਏ ਅਤੇ ਸਿੱਖ ਕੌਮ ਦੀ ਹੱਕ-ਸੱਚ ਦੀ ਆਵਾਜ ਨੂੰ ਜ਼ਬਰੀ ਦਬਾਉਣ ਦੇ ਹੋ ਰਹੇ ਦੁੱਖਦਾਇਕ ਅਮਲਾਂ ਉੱਤੇ ਗਹਿਰੀ ਚਿੰਤਾ ਜਾਹਰ ਕਰਦੇ ਹੋਏ ਅਤੇ ਸਿੱਖ ਕੌਮ ਵੱਲੋਂ ਕਿਸੇ ਵੀ ਜਬਰ ਜੁਲਮ ਅੱਗੇ ਝੀਨ ਨਾ ਮੰਨਣ ਦੀ ਗੱਲ ਕਰਦੇ ਹੋਏ ਪ੍ਰਗਟ ਕੀਤੇ। ਉਨ੍ਹਾਂ ਕਿਹਾ ਕਿ ਜੋ ਅਸੀਂ ਆਉਣ ਵਾਲੇ ਕੱਲ੍ਹ 23 ਨਵੰਬਰ ਨੂੰ ਗੁਰਦੁਆਰਾ ਜਫ਼ਰਨਾਮਾ ਦੀਨਾਂ ਕਾਂਗੜ (ਮੋਗਾ) ਵਿਖੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ 350 ਸਾਲਾਂ ਸ਼ਹੀਦੀ ਦਿਹਾੜਾ ਮਨਾਉਣ ਜਾ ਰਹੇ ਹਾਂ, ਉਸ ਵਿੱਚ ਗੁਰੂ ਸਾਹਿਬਾਨ ਦੇ ਪਾਏ ਪੂਰਨਿਆ ਉੱਤੇ ਦ੍ਰਿੜਤਾ ਨਾਲ ਪਹਿਰਾ ਦੇਣ ਦਾ ਪ੍ਰਣ ਕਰਨ ਦੇ ਨਾਲ-ਨਾਲ ਬੀਤੇ 14 ਸਾਲਾਂ ਤੋਂ ਸਾਡੀ ਸਿੱਖ ਪਾਰਲੀਮੈਂਟ ਐਸ.ਜੀ.ਪੀ.ਸੀ ਦੀਆਂ ਜਰਨਲ ਚੋਣਾਂ ਨਾ ਕਰਵਾਉਣ, ਹੁਕਮਰਾਨਾਂ ਵੱਲੋਂ ਗੈਰ ਕਾਨੂੰਨੀ ਤੇ ਅਣਮਨੁੱਖੀ ਢੰਗ ਨਾਲ ਸਿੱਖਾਂ ਦਾ ਕਤਲੇਆਮ ਕਰਨ ਅਤੇ ਉਨ੍ਹਾਂ ਦੇ ਵਿਧਾਨਿਕ ਹੱਕਾਂ ਨੂੰ ਕੁੱਚਲਣ ਵਿਰੁੱਧ ਅਤੇ ਇੰਡੀਅਨ ਰਵਾਇਤ ਅਨੁਸਾਰ ਸਿੱਖਾਂ ਨੂੰ ਸੈਂਟਰ ਸਰਕਾਰ ਦੇ ਵੱਡੇ ਅਹੁੱਦਿਆਂ ਤੇ ਸੂਬੇ ਦੇ ਅਹੁੱਦਿਆਂ ਵਿੱਚ ਦਿੱਤੇ ਜਾਣ ਵਾਲੇ ਸਤਿਕਾਰ ਮਾਣ ਨੂੰ ਖਤਮ ਕਰਨ ਵਿਰੁੱਧ, ਸਜਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਨੂੰ ਮੰਦਭਾਵਨਾ ਅਧੀਨ ਰਿਹਾਅ ਨਾ ਕਰਨ ਵਿਰੁੱਧ ਜਿੱਥੇ ਆਵਾਜ ਬੁਲੰਦ ਕੀਤੀ ਜਾਵੇਗੀ, ਉੱਥੇ ਜੋ ਸਿੱਖਾਂ ਦੀ ਸਹਿਮਤੀ ਤੇ ਰਾਏ ਤੋਂ ਬਗੈਰ ਜੋ ਹੁਕਮਰਾਨ ਸਮੇਂ-ਸਮੇਂ ਨਾਲ ਗੁਆਂਢੀ ਮੁਲਕਾਂ ਨਾਲ ਜੰਗ ਲਗਾ ਕੇ ਜੋ ਮਨੁੱਖਤਾ ਦਾ ਘਾਣ ਕਰਦੇ ਆ ਰਹੇ ਹਨ, ਉਸ ਸੰਬੰਧੀ ਵੀ ਵਿਚਾਰਾਂ ਕੀਤੀਆਂ ਜਾਣਗੀਆਂ। ਕਿਉਂਕਿ ਇਹ ਉਪਰੋਕਤ ਮੁੱਦੇ ਮੌਜੂਦਾ ਹਾਲਾਤਾਂ ਵਿੱਚ ਅਤਿ ਸੰਜ਼ੀਦਾ ਹਨ।

ਜੱਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਕੌਮ ਦਾ ਸਰਬ ਉੱਚ ਅਹੁੱਦਾ ਹੈ, ਮੁੱਖ ਮੰਤਰੀ ਜਾਂ ਅਖ਼ਬਾਰਾਂ ਵੱਲੋਂ ਉਨ੍ਹਾਂ ਨੂੰ ਸੰਬੋਧਿਤ ਹੁੰਦੇ ਹੋਏ ਸਤਿਕਾਰ ਨਾ ਦੇਣਾ ਅਤਿ ਦੁੱਖਦਾਇਕ: ਮਾਨ

ਫ਼ਤਹਿਗੜ੍ਹ ਸਾਹਿਬ, 22 ਨਵੰਬਰ 2025- "ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸੰਸਥਾਂ ਅਤੇ ਉਸ ਉੱਤੇ ਬਿਰਾਜਮਾਨ ਜੱਥੇਦਾਰ ਸਾਹਿਬਾਨ ਦਾ ਅਹੁੱਦਾ ਕੇਵਲ ਸਿੱਖ ਕੌਮ ਵਿੱਚ ਹੀ ਨਹੀਂ ਬਲਕਿ ਸੰਸਾਰ ਵਿੱਚ ਵੀ ਅਤਿ ਸਤਿਕਾਰਿਤ ਅਤੇ ਸਰਬ ਉੱਚ ਹੈ। ਜਦੋਂ ਵੀ ਕੋਈ ਹੁਕਮਰਾਨ ਜਾਂ ਸਰਕਾਰੀ ਅਹੁੱਦੇਦਾਰ ਜੱਥੇਦਾਰ ਸਾਹਿਬ ਨੂੰ ਸੰਬੋਧਿਤ ਹੁੰਦਾ ਹੈ ਤਾਂ ਉਨ੍ਹਾਂ ਨੂੰ ਇਸ ਗੱਲ ਦੀ ਅਤੇ ਸਿੱਖ ਮਰਿਯਾਦਾ ਦੀ ਸਮਝ ਹੋਣੀ ਚਾਹੀਦੀ ਹੈ ਕਿ ਉਹ ਕਿਸ ਸਥਾਨ ਤੇ ਕਿਸ ਅਹੁੱਦੇ ਅਤੇ ਕਿਸ ਸਖਸ਼ੀਅਤ ਸੰਬੰਧੀ ਗੱਲ ਕਰਨ ਜਾ ਰਹੇ ਹਨ ਅਤੇ ਉਨ੍ਹਾਂ ਦੇ ਰੁੱਤਬੇ ਦੇ ਮੁਤਾਬਿਕ ਕੁਝ ਵੀ ਕਹਿੰਦੇ ਹੋਏ ਉਨ੍ਹਾਂ ਦੇ ਸਤਿਕਾਰ ਮਾਣ ਤੇ ਸੰਸਾਰ ਪੱਧਰ ਦੇ ਰੁੱਤਬੇ ਦਾ ਖਿਆਲ ਜ਼ਰੂਰ ਰੱਖਣਾ ਚਾਹੀਦਾ ਹੈ ਨਾ ਕਿ ਉਨ੍ਹਾਂ ਦੇ ਸਤਿਕਾਰ ਦੇ ਉਲਟ ਵਿਵਹਾਰ ਕਰਦੇ ਹੋਏ ਆਪਣੀ ਅਕਲ ਦਾ ਜਨਾਜ਼ਾਂ ਕੱਢਣ।"

ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਮੁੱਖ ਮੰਤਰੀ ਪੰਜਾਬ ਵੱਲੋਂ ਜੱਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਦੇ ਸੰਬੰਧ ਵਿੱਚ ਸੰਬੋਧਿਤ ਹੁੰਦੇ ਹੋਏ ਜੋ ਬਹੁਤ ਹੇਠਲੇ ਹਲਕੇ ਦੀ ਬਿਆਨਬਾਜੀ ਕਰਦੇ ਹੋਏ ਉਨ੍ਹਾਂ ਦੇ ਅਹੁੱਦੇ ਦੇ ਸਤਿਕਾਰ ਮਾਣ ਨੂੰ ਕਾਇਮ ਨਾ ਰੱਖਣ ਅਤੇ ਆਪਣੀ ਹੀ ਤਹਿਜੀਬ ਤੇ ਸਲੀਕੇ ਦਾ ਜਨਾਜ਼ਾਂ ਕੱਢਣ ਦੀ ਗੱਲ ਕਰਦੇ ਹੋਏ ਪ੍ਰਗਟ ਕੀਤੇ। ਉਨ੍ਹਾਂ ਕਿਹਾ ਕਿ ਜਦੋਂ ਵੀ ਕੋਈ ਹਕੂਮਤ ਪੱਖੀ ਜਾਂ ਸਿੱਖ ਕੌਮ ਵਿਰੋਧੀ ਨਫਰਤ ਰੱਖਣ ਵਾਲਾ ਇਨਸਾਨ ਜੱਥੇਦਾਰ ਨੂੰ ਸੰਬੋਧਿਤ ਹੁੰਦੇ ਹੋਏ ਅਪਮਾਨਜਨਕ ਸ਼ਬਦਾਂ ਦੀ ਵਰਤੋਂ ਕਰਦਾ ਹੈ, ਉਸ ਵਿਰੁੱਧ ਸਾਡੇ ਜੱਥੇਦਾਰ ਸਾਹਿਬ ਨਹੀਂ ਬਲਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਉੱਚ ਅਹੁੱਦਿਆਂ ਤੇ ਬੈਠੇ ਸੀਨੀਅਰ ਮੈਬਰਾਂ ਨੂੰ ਫੌਰੀ ਐਕਸ਼ਨ ਕਰਦੇ ਹੋਏ ਆਪਣੀਆਂ ਰਵਾਇਤਾਂ ਅਨੁਸਾਰ ਅਮਲ ਕਰਨਾ ਚਾਹੀਦਾ ਹੈ ਤਾਂ ਕਿ ਕੋਈ ਵੀ ਸਿਰਫਿਰਿਆ ਸਾਡੇ ਇਸ ਮਹਾਨ ਰੁੱਤਬੇ ਦਾ ਅਪਮਾਨ ਕਰਨ ਜਾਂ ਉਨ੍ਹਾਂ ਦੇ ਸੰਸਾਰ ਪੱਧਰ ਦੇ ਰੁੱਤਬੇ ਨੂੰ ਛੁਟਿਆਉਣ ਦੀ ਗੁਸਤਾਖੀ ਨਾ ਕਰ ਸਕੇ। ਇੱਥੇ ਇਹ ਵਰਣਨ ਕਰਨਾ ਜਰੂਰੀ ਹੈ ਕਿ ਜਦੋਂ ਪੰਜਾਬ ਦੇ ਸ. ਚਰਨਜੀਤ ਸਿੰਘ ਚੰਨੀ ਮੁੱਖ ਮੰਤਰੀ ਸਨ ਤਾਂ ਉਨ੍ਹਾਂ ਨੇ ਉਸ ਸਮੇਂ ਦੇ ਅਕਾਲ ਤਖਤ ਸਾਹਿਬ ਦੇ ਜੱਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਸਤਿਕਾਰ ਦਿੰਦੇ ਹੋਏ ਖੁਦ ਮੁੱਖ ਮੰਤਰੀ ਹੁੰਦੇ ਹੋਏ ਉਨ੍ਹਾਂ ਦੇ ਪੈਰੀਂ ਹੱਥ ਲਗਾ ਕੇ ਸਤਿਕਾਰ ਦਿੱਤਾ ਸੀ ਅਤੇ ਕਿਹਾ ਸੀ ਕਿ ਸਰਕਾਰ ਜੱਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਦੇ ਰੁੱਤਬੇ ਤੋਂ ਕਿਤੇ ਜਿਆਦਾ ਹੇਠਾ ਹੈ। ਜੱਥੇਦਾਰ ਅਕਾਲ ਤਖਤ ਸਾਹਿਬ ਉੱਤੇ ਕੋਈ ਵੀ ਸਰਕਾਰ ਜਾਂ ਹੁਕਮਰਾਨ ਕਿਸੇ ਤਰ੍ਹਾਂ ਦਾ ਵੀ ਹੁਕਮ ਨਹੀਂ ਕਰ ਸਕਦਾ। ਉਨ੍ਹਾਂ ਇਹ ਵੀ ਕਿਹਾ ਕਿ ਅਸੀਂ ਅਨੇਕਾ ਵਾਰ ਅੰਗਰੇਜੀ ਅਖਬਾਰਾਂ ਦੇ ਸੰਪਾਦਕਾਂ ਅਤੇ ਪ੍ਰਬੰਧਕ ਕਮੇਟੀਆਂ ਨੂੰ ਲਿਖਤੀ ਰੂਪ ਵਿੱਚ ਦੇ ਚੁੱਕੇ ਹਾਂ ਕਿ ਕਿਸੇ ਵੀ ਸਿੱਖ ਸਿਆਸੀ ਲੀਡਰ ਦੀ ਗੱਲ ਕਰਦੇ ਹੋਏ ਉਸਦੇ ਨਾਮ ਨਾਲ 'ਸਿੰਘ' ਅਤੇ ਬੀਬੀ ਦੇ ਨਾਮ ਨਾਲ 'ਕੌਰ' ਅਵੱਸ਼ ਲਿਖਿਆ ਜਾਵੇ। ਕਿਉਂਕਿ ਜੇਕਰ ਕੌਰ ਤੇ ਸਿੰਘ ਨਹੀਂ ਲਿਖਿਆ ਜਾਵੇਗਾ ਤਾਂ ਇਹ ਉਨ੍ਹਾਂ ਸੰਪਾਦਕਾਂ ਤੇ ਸ਼ਰਾਰਤੀ ਸੋਚ ਰੱਖਣ ਵਾਲੇ ਪੱਤਰਕਾਰਾਂ ਦੀ ਸਿੱਖ ਕੌਮ ਦੀ ਤੋਹੀਨ

ਅੰਕ 9 ਨਵੰਬਰ 2025

ਮੈਗਜ਼ੀਨ

ਬਾਗ਼ੀ

ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ)

ਸੰਪਾਦਕ-ਰਸ਼ਪਿੰਦਰ ਕੌਰ ਗਿੱਲ

ਕਰਨ ਦੇ ਅਮਲ ਹੋਣਗੇ। ਜਿਸ ਨੂੰ ਸਿੱਖ ਕੌਮ ਕਤਈ ਬਰਦਾਸ਼ਤ ਨਹੀਂ ਕਰ ਸਕਦੀ। ਪਰ ਇਸਦੇ ਬਾਵਜੂਦ ਵੀ ਹਕੂਮਤ ਪੱਖੀ ਸੰਪਾਦਕ ਅਤੇ ਪੱਤਰਕਾਰ ਸਿੱਖ ਸਿਆਸਤਦਾਨਾਂ ਦੇ ਨਾਮ ਨਾਲ ਸਿੰਘ ਅਤੇ ਕੌਰ ਨਾ ਲਿਖਣ ਦੀ ਗੁਸਤਾਖੀ ਕਰਨ ਤੋਂ

ਬਾਜ ਨਹੀਂ ਆ ਰਹੇ। ਇਸੇ ਤਰ੍ਹਾਂ ਜੱਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਦੀ ਗੱਲ ਕਰਦੇ ਹੋਏ ਜੋ ਕੇਵਲ 'ਗੜਗੱਜ' ਲਿਖਿਆ ਗਿਆ ਹੈ, ਇਹ ਅਮਲ ਵੀ ਸਾਡੇ ਮਹਾਨ ਸਥਾਨ ਅਤੇ ਉਸ ਮਹਾਨ ਜੱਥੇਦਾਰ ਦੇ ਰੁੱਤਬੇ ਦੀ ਸੋਚੀ ਸਮਝੀ ਸਾਜਿਸ਼ ਦੀ ਕੜੀ ਹੈ। ਜਿਸ ਨੂੰ ਸਿੱਖ ਕੌਮ ਕਤਈ ਬਰਦਾਸ਼ਤ ਨਹੀਂ ਕਰੇਗੀ ਅਤੇ ਉਮੀਦ ਕਰੇਗੀ ਕਿ ਇਹ ਸੰਪਾਦਕ ਤੇ ਸ਼ਰਾਰਤੀ ਸੋਚ ਰੱਖਣ ਵਾਲੇ ਪੱਤਰਕਾਰ ਆਪਣੇ ਇਸ ਅਮਲ ਤੋਂ ਤੋਬਾ ਕਰਕੇ ਪੰਜਾਬ ਦੇ ਅੱਛੇ ਮਾਹੌਲ ਨੂੰ ਸੱਟ ਮਾਰਨ ਦੀ ਗੁਸਤਾਖੀ ਨਹੀਂ ਕਰਨਗੇ ਅਤੇ ਆਪਣੀਆਂ ਗਲਤੀਆਂ ਨੂੰ ਸੁਧਾਰਨਗੇ।

ਹਿੰਦੂਤਵ ਹੁਕਮਰਾਨ ਪਾਕਿਸਤਾਨ ਸੰਬੰਧੀ ਭੁਲੇਖੇ ਵਿੱਚ ਨਾ ਰਹਿਣ ਕਿਉਂਕਿ ਹੁਣੀ ਤੁਰਕੀ, ਸਾਊਦੀ ਅਰਬ, ਜੌਰਡਨ, ਚੀਨ ਤੇ ਅਮਰੀਕਾ ਨਾਲ ਖੜ੍ਹੇ ਹਨ: ਮਾਨ

ਫ਼ਤਹਿਗੜ੍ਹ ਸਾਹਿਬ, 25 ਨਵੰਬਰ 2025- "ਮੌਜੂਦਾ ਹਿੰਦੂਤਵ ਹੁਕਮਰਾਨ ਆਪ੍ਰੇਸ਼ਨ ਸਿੰਧੂਰ ਵਗੈਰਾ ਕਰਕੇ ਅਤੇ ਹੋਰ ਪਾਕਿਸਤਾਨ ਨਿਵਾਸੀਆਂ ਵਿੱਚ ਵੱਡੇ ਦਾਅਵੇ ਕਰਕੇ ਆਪਣੇ ਆਪ ਨੂੰ ਵੱਡੀ ਫ਼ੌਜੀ ਤਾਕਤ ਵੱਜੋਂ ਵੇਖਦੇ ਹਨ ਇਹੀ ਕਾਰਨ ਹੈ ਕਿ ਇੰਡੀਆ ਦੇ ਫੌਜੀ ਜਰਨੈਲ ਤੇ ਹੁਕਮਰਾਨ ਪਾਕਿਸਤਾਨ ਉੱਤੇ ਵਾਰ-ਵਾਰ ਵੱਡਾ ਐਕਸ਼ਨ ਕਰਨ ਦੀਆਂ ਧਮਕੀਆਂ ਦਿੰਦੇ ਨਜ਼ਰ ਆ ਰਹੇ ਹਨ। ਜਦੋਂ ਕਿ ਪਾਕਿਸਤਾਨ ਹੁਣ ਪਹਿਲੇ ਵਾਲੀ ਫ਼ੌਜੀ ਸਥਿਤੀ ਵਿੱਚ ਨਹੀਂ ਬਲਕਿ ਉਹ ਮਹਾਸ਼ਕਤੀਆਂ ਅਮਰੀਕਾ, ਸਾਊਦੀ ਅਰਬ, ਤੁਰਕੀ, ਜੌਰਡਨ ਅਤੇ ਚੀਨ ਨਾਲ ਬਹੁਤ ਹੀ ਦੋਸਤਾਨਾ ਸੰਬੰਧ ਬਣਾ ਚੁੱਕਾ ਹੈ ਅਤੇ ਇਹ ਮੁਲਕ ਫੌਜੀ ਤਾਕਤ ਵੱਜੋਂ ਪਾਕਿਸਤਾਨ ਨਾਲ ਖੜ੍ਹੇ ਹਨ। ਇਸ ਲਈ ਹੁਕਮਰਾਨਾਂ ਨੂੰ ਅਜਿਹੀਆਂ ਗਿੱਦੜ ਭਬਕੀਆਂ ਦੇਣ ਦੀ ਬਜਾਇ ਇੱਥੋਂ ਦੇ ਦਿਨ-ਬ-ਦਿਨ ਵਿਗੜਦੇ ਜਾ ਰਹੇ ਮਾਲੀ, ਸਮਾਜਿਕ, ਧਾਰਮਿਕ ਅਤੇ ਭੂਗੋਲਿਕ ਹਾਲਾਤਾਂ ਨੂੰ ਸਹੀ ਰੱਖਣ ਲਈ ਤਾਲੀਮ, ਸਿਹਤ, ਰੁਜਗਾਰ, ਭੁੱਖਮਰੀ, ਗਰੀਬੀ ਵਰਗੇ ਗੰਭੀਰ ਮਸਲਿਆਂ ਨੂੰ ਹੱਲ ਕਰਨ ਲਈ ਇੱਥੇ ਵੱਡੇ-ਵੱਡੇ ਹਸਪਤਾਲ, ਸਕੂਲ, ਕਾਲਜ, ਕਲੀਨਿਕਾਂ, ਡਿਸਪੈਸਰੀਆਂ ਅਤੇ ਉਦਯੋਗ ਨੂੰ ਪ੍ਰਫੁੱਲਿਤ ਕਰਨ ਲਈ ਇੰਡਸਟਰੀਆਂ ਤੇ ਬੇਰੁਜਗਾਰੀ ਨੂੰ ਦੂਰ ਕਰਨ ਲਈ ਰੁਜਗਾਰ ਦੇ ਮੌਕੇ ਪ੍ਰਦਾਨ ਕਰਨ ਵੱਲ ਧਿਆਨ ਦੇਣਾ ਚਾਹੀਦਾ ਹੈ ਅਤੇ ਇੱਥੋਂ ਦੇ ਨਿਵਾਸੀਆਂ ਨੂੰ ਰੋਜਾਨਾ ਜਿੰਦਗੀ ਵਿੱਚ ਦਰਪੇਸ ਆਉਣ ਵਾਲੀਆਂ ਮੁਸ਼ਕਿਲਾਂ ਨੂੰ ਪਹਿਲ ਦੇ ਆਧਾਰ ਤੇ ਸੀਮਤ ਸਮੇਂ ਵਿੱਚ ਹੱਲ ਕਰਨਾ ਬਣਦਾ ਹੈ।" ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਹਿੰਦੂਤਵ ਹੁਕਮਰਾਨਾਂ ਵੱਲੋਂ ਗੁਆਂਢੀ ਮੁਲਕ ਪਾਕਿਸਤਾਨ ਨੂੰ ਡਰਾਉਣ, ਧਮਕਾਉਣ ਸੰਬੰਧੀ ਵਾਰ-ਵਾਰ ਕੀਤੀਆਂ ਜਾ ਰਹੀਆਂ ਦਿਸ਼ਾਹੀਣ ਨਿਰਾਰਥਕ ਬਿਆਨਬਾਜੀਆਂ ਉੱਤੇ ਤਿੱਖਾ ਪ੍ਰਤੀਕਰਮ ਜਾਹਰ ਕਰਦੇ ਹੋਏ ਅਤੇ ਮੁਲਕ ਨਿਵਾਸੀਆਂ ਨੂੰ ਵਿੱਦਿਆ, ਸਿਹਤ, ਰੁਜ਼ਗਾਰ ਆਦਿ ਮਸਲਿਆਂ ਨੂੰ ਹੱਲ ਕਰਨ ਲਈ ਵੱਡੇ ਉਦਮ ਕਰਨ ਦੀ ਸਲਾਹ ਦਿੰਦੇ ਹੋਏ ਪ੍ਰਗਟ ਕੀਤੇ। ਉਨ੍ਹਾਂ ਕਿਹਾ ਕਿ ਇਹ 56 ਇੰਚ ਛਾਤੀ ਦਾ ਦਾਅਵਾ ਕਰਨ ਵਾਲੇ ਹੁਕਮਰਾਨ ਅਜੇ ਤੱਕ 1962 ਚੀਨ ਲੜਾਈ ਸਮੇਂ ਚੀਨ ਕੋਲ ਗੁਆਏ ਆਪਣੇ 39000 ਸਕੇਅਰ ਵਰਗ ਕਿਲੋਮੀਟਰ ਅਤੇ 2020 ਤੇ 2022 ਵਿੱਚ 2000 ਸਕੇਅਰ ਵਰਗ ਕਿਲੋਮੀਟਰ ਉਹ ਇਲਾਕਾ ਜੋ 1834 ਵਿੱਚ ਲਾਹੌਰ ਖਾਲਸਾ ਰਾਜ ਦਰਬਾਰ ਦੀਆਂ ਫ਼ੌਜਾਂ ਨੇ ਜਿੱਤ ਕੇ ਆਪਣੇ ਰਾਜ ਭਾਗ ਵਿੱਚ ਸ਼ਾਮਿਲ ਕੀਤਾ ਸੀ, ਜਿਸ ਉੱਤੇ ਚੀਨ ਦਾ ਕਬਜਾ ਹੈ ਉਹ ਤਾਂ ਅਜੇ ਤੱਕ ਵਾਪਸ ਨਹੀਂ ਲੈ ਸਕੇ ਅਤੇ ਦਾਅਵੇ ਸਿੰਧ ਨੂੰ ਵਾਪਸ ਲੈਣ ਦੇ ਕਰ ਰਹੇ ਹਨ। ਉਨ੍ਹਾਂ ਇਸ ਗੱਲ ਤੇ ਵੀ ਇਨ੍ਹਾਂ ਦੇ ਦਿਸ਼ਾਹੀਣ ਪ੍ਰਬੰਧ ਉੱਤੇ ਚੋਟ ਕਰਦੇ ਹੋਏ ਕਿਹਾ ਕਿ ਹੁਣੇ ਹੀ ਦੁਬਈ ਵਿੱਚ ਜਿੱਥੇ ਸਭ ਮੁਲਕਾਂ ਨੇ ਆਪੋ ਆਪਣੇ ਕਰਤੱਬ ਤੇ ਪ੍ਰਾਪਤੀਆਂ ਦਾ ਇਜ਼ਹਾਰ ਕਰਨਾ ਸੀ, ਉੱਥੇ ਤੇਜਸ ਜਹਾਜ ਦੇ ਕਰਤੱਬ ਦਿਖਾਉਣ ਸਮੇਂ ਇਹ ਜਹਾਜ ਵੀ ਨਸ਼ਟ ਹੋ ਗਿਆ ਅਤੇ ਸਾਡੇ ਬਹੁਤ ਹੀ ਤੁਜਰਬੇਕਾਰ ਸੂਝਵਾਨ ਪਾਈਲਟ ਵੀ ਮਾਰਿਆ ਗਿਆ। ਜਿਸ ਨਾਲ ਸੰਸਾਰ ਪੱਧਰ ਤੇ ਹਿੰਦੂਤਵ ਹੁਕਮਰਾਨਾਂ ਦੇ ਝੂਠੇ ਦਾਅਵੇ ਦਾ ਮੁਖੋਟਾ ਨੰਗਾਂ ਹੋ ਗਿਆ। ਇੱਥੋਂ ਤੱਕ ਕਿ ਆਪ੍ਰੇਸ਼ਨ ਸਿੰਧੂਰ ਸਮੇਂ 5 ਰਾਫੇਲ ਜਹਾਜ ਪਾਕਿਸਤਾਨ ਨੇ ਡੇਗੇ ਸਨ ਲੇਕਿਨ ਗੋਦੀ ਮੀਡੀਏ ਨੇ ਇਸਦਾ ਕੋਈ ਜ਼ਿਕਰ ਨਹੀਂ ਕੀਤਾ। ਇੱਥੋਂ ਤੱਕ ਇਨ੍ਹਾਂ ਕੋਲ ਸਟੈਲਥ ਫਾਈਟਰ ਵੀ ਨਹੀਂ ਹਨ ਜੋ ਬਹੁਤ ਬੁਰੀ ਗੱਲ ਹੈ। ਦੂਸਰਾ ਅਮਰੀਕਾ ਨੇ ਇਨ੍ਹਾਂ ਨੂੰ ਇੰਜਣ ਅਤੇ ਫਰਾਂਸ ਨੇ ਸਾਫਟਵੇਅਰ ਦੀ ਵੀ ਤਕਨੀਕ ਹੀ ਨਹੀਂ ਦਿੱਤੀ ਜਿਸ ਕਾਰਨ ਇਨ੍ਹਾਂ ਦੇ ਇਹ ਸਭ ਜਹਾਜ ਸਮੇਂ-ਸਮੇਂ ਤੇ ਡਿੱਗ ਰਹੇ ਹਨ ਅਤੇ ਆਪਣੀ ਰੱਖਿਆ ਪੰਕਤੀ ਵਿੱਚ ਫੇਲ੍ਹ ਸਾਬਤ ਹੁੰਦੇ ਆ ਰਹੇ ਹਨ। ਇੱਥੇ ਇਹ ਵੀ ਵਰਣਨ ਕਰਨਾ ਜਰੂਰੀ ਹੈ ਕਿ ਚਿਨੂਕ ਜਹਾਜ ਵੀ ਪੰਜਾਬ ਦੇ ਸੰਗਰੂਰ ਜ਼ਿਲ੍ਹੇ ਵਿੱਚ ਡਿੱਗ ਚੁੱਕਾ ਹੈ ਜਿਸ ਤੋਂ ਇਨ੍ਹਾਂ ਦੀ ਟ੍ਰੇਨਿੰਗ ਦੀਆਂ ਕਮੀਆਂ ਅਤੇ ਫੌਜੀ ਤਕਨੀਕ ਦੀਆਂ

ਅੰਕ 9 ਨਵੰਬਰ 2025
ਮੈਗਜ਼ੀਨ
ਬਾਗ਼ੀ
ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ)
ਸੰਪਾਦਕ-ਰਸ਼ਪਿੰਦਰ ਕੌਰ ਗਿੱਲ

ਕਮੀਆਂ ਪ੍ਰਤੱਖ ਨਜ਼ਰ ਆ ਰਹੀਆਂ ਹਨ। ਕੌਮਾਂਤਰੀ ਕਾਨੂੰਨਾਂ ਅਨੁਸਾਰ ਇਨ੍ਹਾਂ ਦੀਆਂ ਹੋਈਆਂ ਅਸਫਲਤਾਵਾਂ ਦੀ ਕੌਮਾਂਤਰੀ ਪੱਧਰ ਤੇ ਜਾਂਚ ਹੋਣੀ ਚਾਹੀਦੀ ਹੈ ਕਿਉਂਕਿ ਇਹ ਆਪ ਖੁਦ ਤਾਂ ਆਪਣੀਆ ਫ਼ੌਜੀ, ਪ੍ਰਬੰਧਕੀ ਅਤੇ ਤਕਨੀਕੀ ਕੰਮਜੋਰੀਆਂ ਕਦੇ ਵੀ ਜਾਹਰ ਨਹੀਂ ਕਰਨਗੇ। ਜੋ ਇਨ੍ਹਾਂ ਨੇ ਜੈਂਟ ਜਹਾਜ ਬਣਾਉਣ ਦੀ ਗੱਲ ਕੀਤੀ ਸੀ ਉਹ ਅਜੇ ਤੱਕ ਨਹੀਂ ਬਣਾਇਆ ਗਿਆ ਅਤੇ ਇਨ੍ਹਾਂ ਦੇ ਸਾਇੰਸਦਾਨਾਂ ਉੱਤੇ ਇਸ ਵਿਸ਼ੇ ਉੱਤੇ ਐਕਸ਼ਨ ਕਿਉਂ ਨਹੀਂ ਲਿਆ ਜਾ ਰਿਹਾ? ਇਨ੍ਹਾਂ ਦੇ ਦੋਸ਼ਪੂਰਨ ਪ੍ਰਬੰਧ ਅਤੇ ਤਕਨੀਕੀ ਸਿੱਖਿਆ ਦੀ ਘਾਟ ਕਾਰਨ ਸਾਡੇ ਬਹਾਦਰ ਤੇ ਤੁਜਰਬੇਕਾਰ ਪਾਈਲਟ ਮੌਤ ਦੇ ਮੂੰਹ ਵਿੱਚ ਜਾ ਰਹੇ ਹਨ।

ਜੋ ਖੁਦ-ਬ-ਖੁਦ ਇਨ੍ਹਾਂ ਦੇ ਪ੍ਰਬੰਧ ਦੀ ਤਸਵੀਰ ਪੇਸ਼ ਕਰ ਰਹੇ ਹਨ। ਸ਼ੁਕਰ ਹੈ ਕਿ ਇੰਡੀਆ ਦੇ ਪ੍ਰੈਜੀਡੈਂਟ ਆਪਣੀ ਯਾਤਰਾ ਸਮੇਂ ਤੇਜਸ ਵਿੱਚ ਨਹੀਂ ਗਏ ਜੋ ਕਿ ਕੁਦਰਤ ਵੱਲੋਂ ਉਨ੍ਹਾਂ ਦਾ ਬਚਾਅ ਹੋ ਗਿਆ।

ਨਵ-ਨਿਯੁਕਤ ਇੰਡੀਆ ਦੇ ਕੈਨੇਡਾ ਵਿੱਚ ਹਾਈਕਮਿਸ਼ਨਰ ਮਿਸਟਰ ਦਿਨੇਸ ਪਟਨਾਇਕ ਸਿੱਖਾਂ ਦੇ ਕਤਲ ਬਾਰੇ ਗੁੰਮਰਾਹ ਕਰ ਰਹੇ ਹਨ: ਮਾਨ

ਫ਼ਤਹਿਗੜ੍ਹ ਸਾਹਿਬ, 25 ਨਵੰਬਰ 2025- "ਹੁਣੇ-ਹੁਣੇ ਹੀ ਇੰਡੀਆ ਵੱਲੋਂ ਆਪਣੇ ਕੈਨੇਡਾ ਵਿੱਚ ਨਿਯੁਕਤ ਕੀਤੇ ਗਏ ਹਾਈ ਕਮਿਸ਼ਨਰ ਸ੍ਰੀ ਦਿਨੇਸ ਪਟਨਾਇਕ ਵੱਲੋਂ ਇਹ ਬਿਆਨ ਕੀਤਾ ਗਿਆ ਹੈ ਕਿ ਹਰਦੀਪ ਸਿੰਘ ਨਿੱਝਰ, ਰਿਪੁਦਮਨ ਸਿੰਘ ਮਲਿਕ ਅਤੇ ਸੁਖਦੂਲ ਸਿੰਘ ਇੰਡੀਅਨ ਹੁਕਮਰਾਨਾਂ ਵੱਲੋਂ ਕਤਲ ਨਹੀਂ ਕੀਤੇ ਗਏ ਅਤੇ ਨਾ ਹੀ ਕੋਈ ਇਨ੍ਹਾਂ ਕਤਲਾਂ ਨਾਲ ਇੰਡੀਆ ਦਾ ਸੰਬੰਧ ਹੈ। ਜਦੋਂ ਕਿ ਕੈਨੇਡਾ ਦੇ ਪਹਿਲੇ ਵਜੀਰ-ਏ-ਆਜਮ ਜਸਟਿਨ ਟਰੂਡੋ ਵੱਲੋਂ ਓਟਾਵਾ ਦੀ ਪਾਰਲੀਮੈਂਟ ਵਿੱਚ ਲਿਖਤੀ ਰੂਪ ਵਿੱਚ ਤੱਥ ਪੇਸ਼ ਕਰਦੇ ਹੋਏ ਉਪਰੋਕਤ ਕੀਤੇ ਗਏ ਕਤਲਾਂ ਦੇ ਵੇਰਵੇ ਸੰਖੇਪ ਰੂਪ ਵਿੱਚ ਦਿੱਤੇ ਗਏ ਸਨ। ਇਸ ਉਪਰੰਤ ਵੀ ਜੇਕਰ ਕਿਸੇ ਸਬੂਤ ਦੀ ਕੋਈ ਲੋੜ ਮਹਿਸੂਸ ਕਰ ਰਿਹਾ ਹੈ ਤਾਂ ਉਹ ਕੈਨੇਡਾ ਵਿੱਚ ਇੰਡੀਅਨ ਹੁਕਮਰਾਨਾਂ ਵੱਲੋਂ ਸਿੱਖਾਂ ਦੇ ਕੀਤੇ ਗਏ ਕਤਲ ਸੰਬੰਧੀ ਕੇਵਲ ਤੇ ਕੇਵਲ ਸੰਸਾਰ ਵਾਸੀਆਂ ਨੂੰ ਗੁੰਮਰਾਹ ਕਰਨ ਦੀ ਅਸਫਲ ਕੋਸ਼ਿਸ਼ ਕਰ ਰਿਹਾ ਹੈ।" ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਹੁਣੇ ਨਿਯੁਕਤ ਹੋਏ ਕੈਨੇਡਾ ਦੇ ਹਾਈਕਮਿਸ਼ਨਰ ਵੱਲੋਂ ਤੱਥਾਂ ਤੇ ਤੁਜਰਬੇ ਤੋਂ ਰਹਿਤ ਕੈਨੇਡਾ ਵਿੱਚ ਸ੍ਰੀ ਮੋਦੀ ਅਤੇ ਉਸਦੀ ਜਾਲਮ ਚੰਡਾਲ ਚੌਕੜੀ ਵੱਲੋਂ ਕਤਲ ਕੀਤੇ ਗਏ ਸਿੱਖਾਂ ਸੰਬੰਧੀ ਕੀਤੀ ਜਾ ਰਹੀ ਗੁੰਮਰਾਹਕੁੰਨ ਬਿਆਨਬਾਜੀ ਉੱਤੇ ਸਖਤ ਨੋਟਿਸ ਲੈਂਦੇ ਹੋਏ ਪ੍ਰਗਟ ਕੀਤੇ। ਉਨ੍ਹਾਂ ਕਿਹਾ ਕਿ ਜਦੋਂ ਇੰਡੀਅਨ ਨੋਟਿਸ ਲੈਂਦੇ ਹੋਏ ਪ੍ਰਗਟ ਕੀਤੇ। ਉਨ੍ਹਾਂ ਕਿਹਾ ਕਿ ਜਦੋਂ ਇੰਡੀਅਨ ਹੁਕਮਰਾਨਾਂ ਅਤੇ ਰਾਅ, ਆਈ.ਬੀ ਦੀਆਂ ਏਜੰਸੀਆਂ ਦੇ ਦੋ ਕਾਰਕੁੰਨ ਅਮਰੀਕਾ ਸਰਕਾਰ ਨੇ ਸ. ਪੰਨੂ ਨੂੰ ਕਤਲ ਕਰਨ ਦੀ ਸਾਜਿਸ਼ ਵਿੱਚ ਗ੍ਰਿਫ਼ਤਾਰ ਕਰ ਲਿਆ ਹੈ ਅਤੇ ਇੰਡੀਆ ਉੱਤੇ ਸ. ਪੰਨੂ ਨੂੰ ਮਾਰਨ ਦਾ ਦੋਸ਼ ਲੱਗਿਆ ਹੈ, ਫਿਰ ਸ੍ਰੀ ਪਟਨਾਇਕ ਕਿਸ ਤਰ੍ਹਾਂ ਕਹਿ ਸਕਦੇ ਹਨ ਕਿ ਸਿੱਖਾਂ ਦੇ ਕਤਲਾਂ ਵਿੱਚ ਇੰਡੀਆ ਦੇ ਹੁਕਮਰਾਨਾਂ ਦਾ ਕੋਈ ਹੱਥ ਨਹੀਂ। ਫਿਰ ਜਿਵੇਂ ਬਰਤਾਨੀਆ ਦੀ ਖੁਫੀਆ ਵਿੰਗ ਐਮ.ਆਈ 6 ਹੈ ਉਹ ਉੱਥੋਂ ਦੇ ਵਿਦੇਸ਼ ਮੰਤਰਾਲੇ ਦੇ ਅਧੀਨ ਹੈ। ਜਦੋਂ ਕਿ ਇੰਡੀਆ ਦਾ ਖੁਫੀਆ ਵਿੰਗ ਰਾਅ ਉਸੇ ਤਰਜ ਤੇ ਬਣਾਇਆ ਗਿਆ ਸੀ ਪਰ ਇਹ ਰਾਅ ਏਜੰਸੀ ਇੰਡੀਆ ਦੀ ਵਿਦੇਸ਼ ਮੰਤਰਾਲੇ ਬਿਲਕੁਲ ਅਧੀਨ ਨਹੀਂ ਹੈ। ਇਹੀ ਵਜ੍ਹਾ ਹੈ ਕਿ ਇਹ ਏਜੰਸੀ ਬਾਹਰਲੇ ਮੁਲਕਾਂ ਵਿੱਚ ਗੁਪਤ ਸਾਜਿਸ਼ਾਂ ਰਾਹੀਂ ਆਜਾਦ ਤੌਰ ਤੇ ਅਜਿਹੇ ਕੌਮਾਂਤਰੀ ਅਪਰਾਧ ਕਰ ਰਹੀ ਹੈ ਅਤੇ ਇਹ ਏਜੰਸੀ ਕਿਤੇ ਵੀ ਜੁਆਬਦੇਹ ਨਹੀਂ ਹੈ। ਇਹ ਬਿਆਨਬਾਜੀ ਕੇਵਲ ਤੇ ਕੇਵਲ ਸ੍ਰੀ ਮੋਦੀ ਤੇ ਹੁਕਮਰਾਨਾਂ ਨੂੰ ਖੁਸ਼ ਕਰਨ ਲਈ ਪਟਨਾਇਕ ਵੱਲੋਂ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਅਜਿਹੇ ਹਾਈਕਮਿਸ਼ਨਰਾਂ ਨੂੰ ਇੰਡੀਆ ਦੀਆਂ ਖੁਫੀਆ ਏਜੰਸੀਆਂ ਅਤੇ ਹੁਕਮਰਾਨਾਂ ਦੀਆਂ ਸਾਜਿਸ਼ਾਂ ਬਾਰੇ ਕੋਈ ਜਾਣਕਾਰੀ ਨਹੀਂ ਹੁੰਦੀ, ਜਦੋਂ ਤੱਕ ਅਜਿਹੇ ਕਤਲਾਂ ਦਾ ਸਿੱਖ ਕੌਮ ਨੂੰ ਇਨਸਾਫ ਨਹੀਂ ਮਿਲਦਾ, ਉਸ ਸਮੇਂ ਤੱਕ ਸਿੱਖ ਕੌਮ ਦੀ ਸੰਤੁਸ਼ਟੀ ਕਿਵੇਂ ਹੋ ਸਕਦੀ ਹੈ?

ਅੰਕ 9 ਨਵੰਬਰ 2025

ਮੈਗਜ਼ੀਨ

ਬਾਗ਼ੀ

ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ)

ਸੰਪਾਦਕ-ਰਸ਼ਪਿੰਦਰ ਕੌਰ ਗਿੱਲ

ਜੇਕਰ ਹੁਕਮਰਾਨ ਪੰਜਾਬ ਦੇ ਸੰਜ਼ੀਦਾ ਮੁੱਦਿਆ ਉੱਤੇ ਅੱਗ ਨਾਲ ਖੇਡਣ ਤੋਂ ਤੋਬਾ ਨਹੀਂ ਕਰਦੇ, ਤਾਂ ਖੁਦ ਵੀ ਇਸ ਦੇ ਨਤੀਜੇ ਭੁਗਤਣਗੇ: ਮਾਨ

ਫ਼ਤਹਿਗੜ੍ਹ ਸਾਹਿਬ, 24 ਨਵੰਬਰ 2025- "ਸੈਂਟਰ ਦੇ ਮੁਤੱਸਵੀ ਹੁਕਮਰਾਨਾਂ ਸ੍ਰੀ ਮੋਦੀ ਅਤੇ ਗ੍ਰਹਿ ਵਜੀਰ ਅਮਿਤ ਸ਼ਾਹ ਦੇ ਢਿੱਡ ਵਿੱਚ ਪੰਜਾਬੀਆਂ, ਸਿੱਖ ਕੌਮ ਅਤੇ ਪੰਜਾਬ ਪ੍ਰਤੀ ਵੱਡੀ ਨਫਰਤ ਭਰੀ ਹੋਈ ਹੈ ਅਤੇ ਹਮੇਸ਼ਾਂ ਹੀ ਉਨ੍ਹਾਂ ਦੇ ਅਮਲ ਅਤੇ ਸੋਚ ਉਹੀ ਕੁਝ ਨਿਕਲਦਾ ਹੈ ਜੋ ਅੰਦਰ ਪਣਪ ਰਿਹਾ ਹੈ। ਜੇਕਰ ਇਨ੍ਹਾਂ ਫਿਰਕੂ ਹੁਕਮਰਾਨਾਂ ਨੇ ਸਾਡੇ ਸੂਬੇ ਅਤੇ ਕੌਮ ਪ੍ਰਤੀ ਨਫਰਤ ਭਰੀ ਸੋਚ ਅਤੇ ਅਮਲਾਂ ਤੋਂ ਤੋਬਾ ਨਾ ਕੀਤੀ ਤਾਂ ਛੇਤੀ ਹੀ ਭਾਰਤ ਦਾ ਨਕਸ਼ਾ ਕਈ ਮੁਲਕਾਂ ਵਿੱਚ ਬਦਲ ਕੇ ਸਾਹਮਣੇ ਹੋਵੇਗਾ। ਕਿਉਂਕਿ ਜਦੋਂ ਹੁਕਮਰਾਨਾਂ ਨੇ ਕਸ਼ਮੀਰ ਦੇ ਸੂਬੇ ਅਤੇ ਉੱਥੋਂ ਦੇ ਨਿਵਾਸੀਆਂ ਪ੍ਰਤੀ ਜਬਰ ਦੀ ਨੀਤੀ ਅਪਣਾਈ ਅਤੇ ਹੁਕਮਰਾਨਾਂ ਨੇ ਉਨ੍ਹਾਂ ਦੀ ਬਾਬਰੀ ਮਸਜਿਦ ਨੂੰ ਨਿਸ਼ਾਨਾ ਬਣਾ ਕੇ ਢਹਿ ਢੇਰੀ ਕੀਤਾ ਤਾਂ ਮੁਸਲਿਮ ਆਗੂਆਂ ਨੇ ਇਸ ਵਿਰੁੱਧ ਉਸ ਜੋਰਦਾਰ ਢੰਗ ਨਾਲ ਆਵਾਜ ਨਹੀਂ ਚੁੱਕੀ ਜੋ ਕਿ ਉਨ੍ਹਾਂ ਦੇ ਇਸ ਵੱਡੇ ਸਥਾਨ ਲਈ ਹੋਣੀ ਚਾਹੀਦੀ ਸੀ। ਲੇਕਿਨ ਜਦੋਂ ਕਸ਼ਮੀਰ ਉੱਤੇ ਜਬਰੀ ਕਾਲੇ ਕਾਨੂੰਨ ਥੋਪ ਕੇ ਉੱਥੋਂ ਦੀ ਖੁਦਮੁਖਤਿਆਰੀ ਨੂੰ ਕੁੱਚਲਣ ਦੇ ਅਮਲ ਕੀਤੇ ਤਾਂ ਅੱਜ ਮੁਸਲਿਮ ਕੌਮ ਨਾਲ ਸੰਬੰਧਤ ਪੜ੍ਹੇ ਲਿਖੇ ਵਿਦਵਾਨ, ਡਾਕਟਰ, ਪ੍ਰੋਫੈਸਰਜ ਵੱਲੋਂ ਬੰਬ ਬਣਾਉਣ ਉੱਤੇ ਅਮਲ ਕਰਨ ਦੀਆਂ ਕਾਰਵਾਈਆਂ ਵਿੱਚ ਮਸਰੂਫ ਹਨ। ਉਹ ਅੱਜ ਅਜਿਹੀਆਂ ਵਾਰਦਾਤਾਂ ਕਿਉਂ ਕਰਨ ਲੱਗ ਪਏ ਹਨ? ਇਸਦੇ ਪਿੱਛੇ ਦੇ ਇਤਿਹਾਸਿਕ ਅਤੇ ਡੂੰਘੇ ਕਾਰਨਾਂ ਨੂੰ ਜਾਨਣ ਤੇ ਪਹਿਚਾਨਣ ਦੀ ਹੁਕਮਰਾਨਾਂ ਨੂੰ ਅੱਜ ਸਖਤ ਲੋੜ ਹੈ। ਜੇਕਰ ਹੁਕਮਰਾਨਾਂ ਨੇ ਇਸੇ ਤਰ੍ਹਾਂ ਪੰਜਾਬ, ਪੰਜਾਬੀਆਂ ਤੇ ਸਿੱਖ ਕੌਮ ਪ੍ਰਤੀ ਆਪਣੇ ਅਮਲਾਂ ਤੇ ਕਾਰਵਾਈਆਂ ਨੂੰ ਨਾ ਬਦਲਿਆ ਤਾਂ ਇੱਥੋਂ ਦੇ ਹਾਲਾਤਾਂ ਨੂੰ ਪਹਿਲੇ ਨਾਲੋਂ ਵੀ ਬਦਤਰ ਬਣਾਉਣ ਲਈ ਅਤੇ ਇੱਥੋਂ ਦੇ ਅਮਨ ਚੈਨ ਤੇ ਜਮਹੂਰੀਅਤ ਨੂੰ ਵੱਡਾ ਖਤਰਾ ਖੜ੍ਹਾ ਕਰਨ ਲਈ ਸ੍ਰੀ ਸ਼ਾਹ ਵਰਗੇ ਸ਼ਰਾਰਤੀ ਸੋਚ ਵਾਲੇ ਹੁਕਮਰਾਨ ਸਿੱਧੇ ਤੌਰ ਤੇ ਜਿੰਮੇਵਾਰ ਹੋਣਗੇ ਅਤੇ ਇਨ੍ਹਾਂ ਦੀ ਬਦਲ ਦੀ ਪ੍ਰਸਥਿਤੀ ਉੱਤੇ ਫਿਰ ਕਾਬੂ ਨਹੀਂ ਪਾ ਸਕਣਗੇ।" ਇਹ ਵਿਚਾਰ ਸ.

ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਸੈਂਟਰ ਦੇ ਹੁਕਮਰਾਨਾਂ ਵੱਲੋਂ ਵਾਰ-ਵਾਰ ਪੰਜਾਬ ਸੂਬੇ, ਪੰਜਾਬੀਆਂ ਤੇ ਸਿੱਖ ਕੌਮ ਨਾਲ ਆਪਣੇ ਸਵਾਰਥੀ ਹਿੱਤਾਂ ਦੀ ਪੂਰਤੀ ਕਰਨ ਵਾਲੇ ਅਮਲਾਂ ਨੂੰ ਪੰਜਾਬ ਵਿੱਚ ਤੇ ਸਿੱਖ ਕੌਮ ਤੇ ਲਾਗੂ ਕਰਨ ਦੀ ਬਦੌਲਤ ਦਿਨ-ਬ-ਦਿਨ ਇਸ ਸਰਹੱਦੀ ਸੂਬੇ ਅਤੇ ਇੱਥੋਂ ਦੇ ਨਿਵਾਸੀਆਂ ਦੀ ਅਣਖ-ਗੈਰਤ ਨੂੰ ਠੇਸ ਪਹੁੰਚਾਉਣ ਦੀਆਂ ਕਾਰਵਾਈਆਂ ਉੱਤੇ ਆਪਣਾ ਤਿੱਖਾ ਪ੍ਰਤੀਕਰਮ ਜਾਹਰ ਕਰਦੇ ਹੋਏ ਅਤੇ ਹੁਕਮਰਾਨਾਂ ਨੂੰ ਸਾਡੇ ਸੂਬੇ ਤੇ ਕੌਮ ਪ੍ਰਤੀ ਪਾਲੀ ਜਾ ਰਹੀ ਨਫਰਤ ਨੂੰ ਸਦਾ ਲਈ ਅਲਵਿਦਾ ਕਹਿਣ ਦੀ ਗੱਲ ਕਰਦੇ ਹੋਏ ਪ੍ਰਗਟ ਕੀਤੇ।

ਨਕਸਲਾਈਟਾਂ ਅਤੇ ਮਾਓਵਾਦੀਆਂ ਨੂੰ ਗੈਰ ਕਾਨੂੰਨੀ ਢੰਗ ਨਾਲ ਮਾਰੇ ਜਾਣ ਤੇ ਜੇਕਰ ਕਾਮਰੇਡਾਂ ਦੀ ਜਮੀਰ ਜਾਗੀ ਹੈ, ਤਾਂ ਚੰਗੀ ਗੱਲ ਹੈ: ਮਾਨ

ਫ਼ਤਹਿਗੜ੍ਹ ਸਾਹਿਬ, 26 ਨਵੰਬਰ 2025- "ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਲੰਮੇ ਸਮੇਂ ਤੋਂ ਇਸ ਗੱਲ ਦਾ ਬਾ-ਦਲੀਲ ਢੰਗ ਨਾਲ ਹੋਕਾ ਦਿੰਦਾ ਆ ਰਿਹਾ ਹੈ ਕਿ ਸੈਂਟਰ ਵਿੱਚ ਭਾਵੇਂ ਕਾਂਗਰਸ ਦੀ ਸਰਕਾਰ ਹੋਵੇ ਜਾਂ ਬੀ.ਜੇ.ਪੀ-ਆਰ.ਐਸ.ਐਸ ਦੀ ਜਾਂ ਕਿਸੇ ਹੋਰ ਹਿੰਦੂਤਵ ਸ਼ਕਤੀ ਦੀ ਇਹ ਸਭ ਹੁਕਮਰਾਨ ਘੱਟ ਗਿਣਤੀ ਕੌਮਾਂ ਮੁਸਲਿਮ, ਇਸਾਈ, ਸਿੱਖ, ਆਦਿਵਾਸੀਆਂ, ਰੰਘਰੇਟਿਆਂ ਅਤੇ ਪਹਾੜਾਂ ਵਿੱਚ ਵੱਸਣ ਵਾਲੇ ਕਬੀਲਿਆਂ ਦੇ ਆਮਦਨ ਦੇ ਸਾਧਨਾਂ ਨੂੰ ਲੁੱਟ ਕੇ ਅਤੇ ਉਨ੍ਹਾਂ ਨੂੰ ਅੱਤਵਾਦੀ, ਨਕਸਲਾਈਟ, ਮਾਓਵਾਦੀ ਨਾਮ ਦੇ ਕੇ ਬਦਨਾਮ ਕਰਦੀਆਂ ਹਨ ਅਤੇ ਫਿਰ ਗੋਲੀ ਦਾ ਨਿਸ਼ਾਨਾ ਬਣਾ ਕੇ ਮਾਰ ਦੀਆਂ ਆ ਰਹੀਆਂ ਹਨ। ਜੋ ਕਿ ਗੈਰ ਵਿਧਾਨਿਕ ਤੇ ਗੈਰ ਇਨਸਾਨੀਅਤ ਮਨੁੱਖਤਾ ਵਿਰੋਧੀ ਨਿੰਦਣਯੋਗ ਅਮਲ ਹਨ। ਜਦੋਂ ਲੰਮੇ ਸਮੇਂ ਤੋਂ ਇਹ ਹਕੂਮਤਾਂ ਆਜਾਦੀ ਮੰਗਣ ਵਾਲੇ ਸਿੱਖਾਂ ਨਾਲ ਉਪਰੋਕਤ ਜ਼ਬਰ-ਜੁਲਮ ਕਰਕੇ ਮਾਰਦੀਆਂ ਹਨ ਤਾਂ ਅਸੀਂ ਉਸ ਜ਼ਬਰ ਜੁਲਮ ਵਿਰੁੱਧ ਆਪਣੇ ਗੁਰੂ ਸਾਹਿਬਾਨ ਜੀ ਦੀ ਸੋਚ ਅਨੁਸਾਰ ਆਵਾਜ ਉਠਾਉਂਦੇ ਹਾਂ ਤਾਂ ਸਾਡੇ ਉੱਤੇ ਵੀ ਝੂਠੇ ਕੇਸ ਬਣਾ ਦਿੱਤੇ ਜਾਂਦੇ ਹਨ ਅਤੇ ਸਾਨੂੰ ਅੱਤਵਾਦੀ ਕਹਿ ਕੇ ਬਦਨਾਮ ਵੀ ਕੀਤਾ ਜਾਂਦਾ ਹੈ ਅਤੇ ਗੋਲੀ ਬੰਦੂਕ ਨਾਲ ਮਾਰਿਆ ਵੀ ਜਾਂਦਾ ਹੈ। ਪਰ ਦੁੱਖ ਅਤੇ ਅਫਸੋਸ ਹੈ ਕਿ ਬੀਤੇ ਸਮੇਂ ਦੇ ਇਹ ਜ਼ਬਰ-ਜੁਲਮਾਂ ਸਮੇਂ ਭਾਵੇਂ ਉਹ ਸੀ.ਪੀ.ਆਈ, ਸੀ.ਪੀ.ਐਮ, ਸੀ.ਪੀ.ਆਈ (ਐਮ.ਐਲ) ਕਿਸੇ ਵੀ ਕਾਮਰੇਡ ਧੜੇ ਨਾਲ ਸੰਬੰਧਤ ਹੋਣ, ਅਜਿਹੇ ਜ਼ਬਰ ਸਮੇਂ ਇਹ ਸਭ ਕਾਮਰੇਡ ਜਾਬਰ ਹਿੰਦੂਤਵ ਤਾਕਤਾਂ ਦਾ ਸਾਥ ਹੀ ਦਿੰਦੇ ਰਹੇ ਹਨ। ਲੇਕਿਨ ਜੇਕਰ ਹੁਣ ਪਹਾੜਾਂ

ਅੰਕ 9 ਨਵੰਬਰ 2025

ਮੈਗਜ਼ੀਨ

ਬਾਗ਼ੀ

ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ)

ਸੰਪਾਦਕ-ਰਸ਼ਪਿੰਦਰ ਕੌਰ ਗਿੱਲ

ਵਿੱਚ ਵੱਸਣ ਵਾਲੇ ਕਬੀਲਿਆਂ ਤੇ ਆਦਿਵਾਸੀਆਂ ਨੂੰ ਸਰਕਾਰਾਂ ਨਕਸਲਾਈਟ ਤੇ ਮਾਓਵਾਦੀ ਕਹਿ ਕੇ ਮਾਰ ਰਹੀਆਂ ਹਨ ਅਤੇ ਇਨ੍ਹਾਂ ਕਾਮਰੇਡਾਂ ਦੀ ਇਸ ਗੰਭੀਰ ਵਿਸ਼ੇ ਉੱਤੇ ਜਲੰਧਰ ਵਿਖੇ ਰੈਲੀ ਕਰਕੇ ਉਠਾਈ ਆਵਾਜ ਨਾਲ ਜਮੀਰ ਜਾਗੀ ਹੈ ਤਾਂ ਅਸੀਂ ਇਸਦਾ ਸਵਾਗਤ ਵੀ ਕਰਦੇ ਹਾਂ ਅਤੇ ਉਮੀਦ ਵੀ ਕਰਦੇ ਹਾਂ ਕਿ ਜਿੱਥੇ ਕਿਤੇ ਵੀ ਇਨਸਾਨੀਅਤ ਵਿਰੁੱਧ ਜ਼ਬਰ ਜੁਲਮ ਹੋਵੇ, ਉੱਥੇ ਇਹ ਕਾਮਰੇਡ ਇਮਾਨਦਾਰੀ ਨਾਲ ਆਵਾਜ ਉਠਾਉਣਗੇ।" ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਸਭ ਜਮਾਤਾਂ ਨਾਲ ਸੰਬੰਧਤ ਕਾਮਰੇਡਾਂ ਦੀ ਆਦਿਵਾਸੀਆਂ ਤੇ ਕਬੀਲਿਆਂ ਨੂੰ ਸਰਕਾਰ ਵੱਲੋਂ ਮਾਰਨ ਉੱਤੇ ਜਮੀਰ ਜਾਗਣ ਤੇ ਇਸ ਜੁਲਮ ਵਿਰੁੱਧ ਆਵਾਜ ਉਠਾਉਣ ਦਾ ਸਵਾਗਤ ਕਰਦੇ ਹੋਏ ਅਤੇ ਬੀਤੇ ਸਮੇਂ ਅਜਿਹੇ ਜ਼ਬਰ ਜੁਲਮਾਂ ਸਮੇਂ ਸਰਕਾਰਾਂ ਦਾ ਸਾਥ ਦੇਣ ਦੀ ਗੱਲ ਕਰਦੇ ਹੋਏ ਪ੍ਰਗਟ ਕੀਤੇ। ਉਨ੍ਹਾਂ ਕਿਹਾ ਕਿ ਜਦੋਂ ਮਰਹੂਮ ਇੰਦਰਾ ਗਾਂਧੀ ਦੀ ਕਾਂਗਰਸ ਸਰਕਾਰ ਨੇ ਮੰਦਭਾਵਨਾ ਅਧੀਨ ਸਿੱਖ ਕੌਮ ਦੇ ਸ੍ਰੀ ਦਰਬਾਰ ਸਾਹਿਬ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਉੱਤੇ ਬਲਿਊ ਸਟਾਰ ਦਾ ਫ਼ੌਜੀ ਹਮਲਾ ਕੀਤਾ ਤਾਂ ਉਸ ਸਮੇਂ ਇਨ੍ਹਾਂ ਕਾਮਰੇਡਾਂ ਨੇ ਹਿੰਦੂਤਵ ਜਾਬਰ ਤਾਕਤਾਂ

ਦਾ ਸਾਥ ਦੇ ਕੇ ਆਪਣੀ ਕਾਮਰੇਡੀ ਸੋਚ ਉੱਤੇ ਵੱਡਾ ਦਾਗ ਲਗਾਇਆ ਅਤੇ ਲੰਮਾਂ ਸਮਾਂ ਅਜਿਹੇ ਜ਼ਬਰ ਜੁਲਮਾਂ ਨੂੰ ਚੁੱਪੀ ਵੱਟ ਕੇ ਦੇਖਦੇ ਰਹੇ। ਜੇਕਰ ਹੁਣ ਇਨ੍ਹਾਂ ਨੇ ਹਕੂਮਤੀ ਜ਼ਬਰ ਜੁਲਮ ਵਿਰੁੱਧ ਆਵਾਜ ਉਠਾਈ ਹੈ ਤਾਂ ਇਨ੍ਹਾਂ ਨੂੰ ਆਪਣੇ ਇਨ੍ਹਾਂ ਫਰਜਾਂ ਨੂੰ ਵੀ ਪੂਰਨ ਕਰਨਾ ਚਾਹੀਦਾ ਹੈ ਕਿ ਜਦੋਂ ਕਦੇ ਵੀ ਹੁਕਮਰਾਨ ਘੱਟ ਗਿਣਤੀਆਂ ਜਾਂ ਕਬੀਲਿਆਂ ਉੱਤੇ ਅਜਿਹੇ ਅਮਲ ਕਰਨ ਤਾਂ ਉਸਦਾ ਸਖ਼ਤੀ ਨਾਲ ਬਾ--ਦਲੀਲ ਢੰਗ ਨਾਲ ਵਿਰੋਧ ਵੀ ਕਰਨ ਅਤੇ ਘੱਟ ਗਿਣਤੀ ਕੌਮਾਂ ਦੇ ਹੱਕ-ਹਕੂਕਾ ਨੂੰ ਸਰਕਾਰ ਵੱਲੋਂ ਕੁੱਚਲਣ ਵਿਰੁੱਧ ਕੀਤੇ ਜਾਣ ਵਾਲੇ ਸੰਘਰਸ਼ ਵਿੱਚ ਇਮਾਨਦਾਰੀ ਨਾਲ ਸਹਿਯੋਗ ਦੇਣ। ਉਨ੍ਹਾਂ ਨੇ ਬੀਤੇ ਸਮੇਂ ਦੀ ਕਾਮਰੇਡਾਂ ਦੀ ਦੋਹਰੀ ਨੀਤੀ ਉੱਤੇ ਹੈਰਾਨੀ ਪ੍ਰਗਟ ਕਰਦੇ ਹੋਏ ਕਿਹਾ ਕਿ ਸਿਧਾਂਤ ਤੇ ਸੋਚ ਹਮੇਸ਼ਾ ਕਿਸੇ ਵਿਅਕਤੀ ਜਾਂ ਸੰਗਠਨ ਦੀ ਇੱਕ ਹੋਣੀ ਚਾਹੀਦੀ ਹੈ ਨਾ ਕਿ ਦੋਹਰੇ ਰੂਪ ਹੋਣੇ ਚਾਹੀਦੇ ਹਨ। ਤਦ ਹੀ ਕਿਸੇ ਸੰਘਰਸ਼ ਜਾਂ ਆਪਣੇ ਲੋਕਾਂ ਦੇ ਹੱਕਾਂ ਦੀ ਰਾਖੀ ਲਈ ਉਠਾਈ ਆਵਾਜ ਦੇ ਨਤੀਜੇ ਅੱਛੇ ਸਾਬਤ ਹੋ ਸਕਦੇ ਹਨ ਵਰਨਾ ਇਤਿਹਾਸ ਵਿੱਚ ਦੋਗਲੀ ਨੀਤੀ ਵਾਲਿਆਂ ਦਾ ਕਦੀ ਕੋਈ ਨਾਮ ਨਿਸ਼ਾਨ ਨਹੀਂ ਰਹਿੰਦਾ।

ਕੌਮ ਦੀ ਸਮੁੱਚੀ ਏਕਤਾ ਦੇ ਅਸੀਂ ਡੂੰਘੇ ਚਾਹਵਾਨ ਹਾਂ, ਜੇਕਰ ਕੋਈ ਧਿਰ ਸਿੱਖ ਮੁੱਦਿਆਂ ਨੂੰ ਉਠਾਉਣ ਤੋਂ ਭੱਜੇਗੀ, ਫਿਰ ਏਕਤਾ ਦੇ ਰਾਹ ਵਿੱਚ ਉਹੀ ਰੁਕਾਵਟ ਬਣ ਰਹੇ ਹਨ: ਮਾਨ

ਫ਼ਤਹਿਗੜ੍ਹ ਸਾਹਿਬ, 27 ਨਵੰਬਰ 2025- "ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਪੰਜਾਬ ਸੂਬੇ, ਪੰਜਾਬੀਆਂ ਅਤੇ ਸਿੱਖ ਕੌਮ ਦੀ ਹਰ ਪੱਖੋਂ ਬਿਹਤਰੀ ਲਈ ਅਤੇ ਦਰਪੇਸ਼ ਆ ਰਹੇ ਸਭ ਸੰਜ਼ੀਦਾ ਮਸਲਿਆਂ ਦਾ ਫੌਰੀ ਹੱਲ ਕਰਵਾਉਣ ਲਈ ਪੂਰਨ ਤੌਰ ਤੇ ਸੁਹਿਰਦ ਹੈ ਅਤੇ ਅਸੀਂ ਸਮੁੱਚੀ ਪੰਥਕ ਏਕਤਾ ਦੇ ਡੂੰਘੇ ਚਾਹਵਾਨ ਹਾਂ। ਪਰ ਜੇਕਰ ਕੋਈ ਇੱਕ ਪੰਥਕ ਧਿਰ ਆਪਣੇ ਨਿੱਜ ਸਵਾਰਥਾਂ ਦੀ ਪੂਰਤੀ ਲਈ ਸਿੱਖ ਕੌਮ ਦੇ ਅਹਿਮ ਮਸਲਿਆਂ ਨੂੰ ਉਠਾਉਣ ਤੇ ਛੁਹਣ ਤੋਂ ਮੂੰਹ ਮੋੜਦੀ ਹੈ, ਜਿਸ ਉੱਤੇ ਸਭ ਪੰਥਕ ਜਥੇਬੰਦੀਆਂ ਸੰਘਰਸ਼ ਕਰਦੀਆਂ ਆ ਰਹੀਆਂ ਹਨ ਤਾਂ ਉਹ ਧਿਰ ਹੀ ਅਮਲੀ ਰੂਪ ਵਿੱਚ ਹੋਣ ਵਾਲੀ ਪੰਥਕ ਏਕਤਾ ਲਈ ਰੁਕਾਵਟ ਬਣ ਰਹੀ ਹੈ। ਜਦੋਂ ਕਿ ਅਜਿਹੀ ਧਿਰ ਨੂੰ ਇਹ ਵੀ ਗਿਆਨ ਹੈ ਕਿ ਦੁਸ਼ਮਣਾਂ ਦੇ ਕੁਹਾੜੇ ਦਾ ਦਸਤਾ ਬਣਨ ਵਾਲੇ ਸਿੱਖਾਂ ਨੂੰ ਵੀ ਦੁਸ਼ਮਣ ਨੇ ਨਹੀਂ ਬਖਸ਼ਣਾ ਅਤੇ ਨਾ ਹੀ ਦਿੱਤੇ ਜਾਣ ਵਾਲੇ ਦੁਨਿਆਵੀ ਲਾਲਸਾਵਾਂ ਦੀ ਦੁਸ਼ਮਣ ਤਾਕਤ ਨੇ ਪੂਰਤੀ ਕਰਨੀ ਹੈ। ਫਿਰ ਅਜਿਹੀ ਧਿਰ ਪੰਥਕ ਏਕਤਾ ਦੇ ਰਾਹ ਵਿੱਚ ਕਿਉਂ ਰੁਕਾਵਟ ਬਣ ਰਹੀ ਹੈ ਅਤੇ ਸੁਹਿਰਦ ਪੰਥਕ ਮੁੱਦਿਆਂ ਨੂੰ ਨਜ਼ਰਅੰਦਾਜ ਕਿਉਂ ਕਰ ਰਹੀ ਹੈ?"

ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਸਮੁੱਚੇ ਖ਼ਾਲਸਾ ਪੰਥ ਦੀ ਅਮਲੀ ਰੂਪ ਵਿੱਚ ਏਕਤਾ ਹੋਣ ਦੇ ਮੁੱਦੇ ਉੱਤੇ ਸੰਜ਼ੀਦਾ ਹੁੰਦੇ ਹੋਏ ਅਤੇ ਜੋ ਸ. ਸੁਖਬੀਰ ਸਿੰਘ ਬਾਦਲ ਧਿਰ, ਮੋਦੀ ਹਕੂਮਤ ਤੇ ਉਸਦੀ ਚੰਡਾਲ ਚੌਕੜੀ ਵੱਲੋਂ ਬਾਹਰਲੇ ਮੁਲਕਾਂ ਵਿੱਚ ਸਿੱਖਾਂ ਦੇ ਸਾਜਸੀ ਢੰਗ ਨਾਲ ਕੀਤੇ ਜਾ ਰਹੇ ਕਤਲੇਆਮ ਅਤੇ ਹੁਣ ਤੱਕ ਬੀਤੇ 14 ਸਾਲਾਂ ਤੋਂ ਐਸ.ਜੀ.ਪੀ.ਸੀ ਦੀ ਸਿੱਖ ਪਾਰਲੀਮੈਂਟ ਦੀਆਂ ਚੋਣਾਂ ਕਰਵਾਉਣ ਤੇ ਸਾਜਸੀ ਚੁੱਪੀ ਰੱਖੀ ਹੋਈ ਹੈ, ਇਹ ਗੰਭੀਰ ਮੁੱਦੇ ਹੀ ਸਮੁੱਚੀ ਪੰਥਕ ਏਕਤਾ ਵਿੱਚ ਰੁਕਾਵਟ ਬਣ ਰਹੇ ਹਨ। ਜਿਸ ਤੋਂ ਪੰਥ ਦੀ ਬਿਹਤਰੀ ਹੋਣ ਉੱਤੇ ਵੀ ਵੱਡੇ ਪ੍ਰਸ਼ਨ ਚਿੰਨ੍ਹ ਲੱਗਣ ਦੀ ਗੱਲ ਕਰਦੇ ਹੋਏ ਪ੍ਰਗਟ ਕੀਤੇ। ਉਨ੍ਹਾਂ ਕਿਹਾ ਕਿ ਜਦੋਂ ਸ੍ਰੀ ਮੋਦੀ ਤੇ ਉਸਦੀ ਚੰਡਾਲ ਚੌਕੜੀ ਗ੍ਰਹਿ ਵਜੀਰ ਅਮਿਤ ਸ਼ਾਹ, ਵਿਦੇਸ਼ ਵਜੀਰ ਜੈਸ਼ੰਕਰ, ਰੱਖਿਆ ਵਜੀਰ ਰਾਜਨਾਥ ਸਿੰਘ, ਕੌਮੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ, ਰਾਅ ਮੁੱਖੀ ਰਵੀ ਸਿਨ੍ਹਾਂ ਅਤੇ ਸਾਬਕਾ ਰਾਅ ਮੁੱਖੀ ਸੰਮਤ ਗੋਇਲ ਵੱਲੋਂ ਹਰਦੀਪ ਸਿੰਘ ਨਿੱਝਰ, ਰਿਪੁਦਮਨ ਸਿੰਘ ਮਲਿਕ, ਸੁਖਦੂਲ ਸਿੰਘ ਕੈਨੇਡਾ, ਅਵਤਾਰ ਸਿੰਘ ਖੰਡਾ

ਅੰਕ 9 ਨਵੰਬਰ 2025

ਮੈਗਜ਼ੀਨ

ਬਾਗ਼ੀ

ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ)

ਸੰਪਾਦਕ-ਰਸ਼ਪਿੰਦਰ ਕੌਰ ਗਿੱਲ

ਬਰਤਾਨੀਆ, ਪਰਮਜੀਤ ਸਿੰਘ ਪੰਜਵੜ, ਲਖਬੀਰ ਸਿੰਘ ਰੋਡੇ ਪਾਕਿਸਤਾਨ, ਦੀਪ ਸਿੰਘ ਸਿੱਧੂ ਹਰਿਆਣਾ, ਸ਼ੁਭਦੀਪ ਸਿੰਘ ਸਿੱਧੂ ਮੂਸੇਵਾਲਾ ਅਤੇ ਗੁਰਪ੍ਰੀਤ ਸਿੰਘ ਹਰੀਨੌ ਪੰਜਾਬ ਅਤੇ ਅਮਰੀਕਨ ਨਾਗਰਿਕ ਗੁਰਪਤਵੰਤ ਸਿੰਘ ਪੰਨੂ ਨੂੰ ਮਾਰਨ ਦੀ ਅਸਫਲ ਸਾਜਿਸ਼ ਕੀਤੀ ਹੈ, ਇਨ੍ਹਾਂ ਕਾਤਲ ਹੁਕਮਰਾਨਾਂ ਦੀ ਕੌਮਾਂਤਰੀ ਪੱਧਰ ਦੀ ਜਾਂਚ ਅਤੇ ਕੌਮਾਂਤਰੀ ਕਾਨੂੰਨਾਂ ਅਨੁਸਾਰ ਸਜਾਵਾਂ ਦਿਵਾਉਣੀਆਂ, ਸਿੱਖ ਪਾਰਲੀਮੈਂਟ ਦੀ 14 ਸਾਲਾਂ ਤੋਂ ਰੋਕੀ ਜਰਨਲ ਚੋਣ ਕਰਵਾਉਣ ਅਤੇ ਪੰਜਾਬ ਦੀਆਂ ਪਾਕਿਸਤਾਨ ਨਾਲ ਲੱਗਦੀਆਂ ਸਰਹੱਦਾਂ ਨੂੰ ਹਰ ਤਰ੍ਹਾਂ ਦੇ ਵਪਾਰ ਦੇ ਅਦਾਨ-ਪ੍ਰਦਾਨ ਲਈ ਖੁਲਵਾਉਣਾ ਸਾਡਾ ਸਭ ਦਾ ਸਾਂਝਾ ਫਰਜ ਹੈ ਅਤੇ ਇਨ੍ਹਾਂ ਮੁੱਦਿਆਂ ਤੇ ਹੋਰ ਪੰਥਕ ਮੁੱਦਿਆਂ ਉੱਤੇ ਸਾਂਝੇ ਤੌਰ ਤੇ ਸੰਘਰਸ਼ ਨੂੰ ਅੱਗੇ ਵਧਾਉਣ ਦੇ ਬਿਨ੍ਹਾਂ ਤੇ ਹੀ ਅਮਲੀ ਰੂਪ ਵਿੱਚ ਪੰਥਕ ਏਕਤਾ ਹੋ ਸਕੇਗੀ ਅਤੇ ਇਹ ਪੰਥਕ ਏਕਤਾ ਪੰਜਾਬ ਵਿੱਚ ਖਾਲਸਾਈ ਰਾਜ ਕਾਇਮ ਕਰਨ ਵਿੱਚ ਸਹਾਈ ਹੋ ਸਕੇਗੀ। ਉਨ੍ਹਾਂ ਕਿਹਾ ਕਿ ਇੱਥੇ ਇਹ ਵਰਣਨ ਕਰਨਾ ਜਰੂਰੀ ਹੈ ਕਿ ਜੋ ਜਰਮਨ ਨਾਜੀਆ ਨੇ ਯਹੂਦੀਆਂ ਉੱਤੇ ਅਣਮਨੁੱਖੀ ਕਤਲੇਆਮ ਕੀਤਾ, ਉਹ ਕੇਵਲ ਆਪਣੇ ਹੀ ਮੁਲਕ ਦੇ ਆਪਣੇ ਹੀ ਨਿਵਾਸੀਆਂ ਦਾ ਹਿਟਲਰ ਵੱਲੋਂ ਕੀਤਾ ਗਿਆ। ਲੇਕਿਨ ਜੋ ਸ੍ਰੀ ਮੋਦੀ ਦੀ ਬੀ.ਜੇ.ਪੀ-ਆਰ.ਐਸ.ਐਸ ਹਕੂਮਤ ਵੱਲੋਂ ਸਿੱਖ ਕੌਮ ਦਾ ਕਤਲੇਆਮ ਕੀਤਾ ਜਾ ਰਿਹਾ ਹੈ, ਉਹ ਇੰਡੀਆ ਮੁਲਕ ਦੀਆਂ ਹੱਦਾਂ ਟੱਪ ਕੇ ਅਮਰੀਕਾ, ਕੈਨੇਡਾ, ਬਰਤਾਨੀਆ, ਪਾਕਿਸਤਾਨ ਆਦਿ ਮੁਲਕਾਂ ਵਿੱਚ ਜਾ ਕੇ ਇਹ ਹੁਕਮਰਾਨ ਉਸ ਘੱਟ ਗਿਣਤੀ ਸਿੱਖ ਕੌਮ ਦਾ ਕਤਲੇਆਮ ਕਰ ਰਿਹਾ ਹੈ ਜਿਸ ਨੇ ਇੰਡੀਆ ਦੀ ਆਜਾਦੀ ਵਿੱਚ 90% ਕੁਰਬਾਨੀਆਂ, ਸ਼ਹਾਦਤਾਂ ਦਿੱਤੀਆਂ ਅਤੇ ਸਮੁੱਚੇ ਇੰਡੀਆ ਦੀ ਬਿਹਤਰੀ ਲਈ, ਸਰਬੱਤ ਦੇ ਭਲੇ ਦੀ ਸੋਚ ਅਧੀਨ ਹਰ ਮੁਸ਼ਕਿਲ ਘੜੀ ਵਿੱਚ ਮੋਹਰਲੀਆਂ ਕਤਾਰਾਂ ਵਿੱਚ ਖੜ੍ਹੇ ਯੋਗਦਾਨ ਪਾਉਂਦੀ ਆ ਰਹੀ ਹੈ। ਇਨ੍ਹਾਂ ਦਾ ਕਤਲੇਆਮ ਤਾਂ ਜਰਮਨ ਜਾਨੀਆ ਤੋਂ ਵੀ ਵੱਡਾ ਹੋ ਗਿਆ ਹੈ ਅਤੇ ਹਰ ਮੁੱਦੇ ਤੇ ਖੇਤਰ ਵਿੱਚ ਹੁਕਮਰਾਨ ਨਫਰਤ ਦੀ ਭਾਵਨਾ ਅਧੀਨ ਪੰਜਾਬ ਸੂਬੇ, ਪੰਜਾਬੀਆਂ ਅਤੇ ਸਿੱਖ ਕੌਮ ਦੇ ਵਿਧਾਨਿਕ, ਸਮਾਜਿਕ, ਇਖਲਾਕੀ, ਧਾਰਮਿਕ ਤੇ ਭੂਗੋਲਿਕ ਹੱਕਾਂ ਨੂੰ 1947 ਤੋਂ ਹੀ ਕੁੱਚਲਦੇ ਆ ਰਹੇ ਹਨ। ਇਸਦੀ ਵਜ੍ਹਾ ਵੀ ਇਹੀ ਹੈ ਕਿ ਖ਼ਾਲਸਾ ਪੰਥ ਆਪਣੀ ਸਰਬ ਉੱਚ ਸੰਸਥਾਂ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਪੰਥਕ ਸੋਚ ਉੱਤੇ ਇਕੱਤਰ ਹੋ ਕੇ ਆਪਣੇ ਗੁਰੂ ਸਾਹਿਬਾਨ ਜੀ ਦੀ ਸੋਚ ਅਨੁਸਾਰ ਅਮਲ ਕਰਨ ਤੋਂ ਖੁੱਝਦਾ ਜਾ ਰਿਹਾ ਹੈ। ਪੰਥਕ ਮਸਲਿਆਂ ਨੂੰ ਸੰਜ਼ੀਦਗੀ ਨਾਲ ਲੈਣ ਉੱਤੇ ਅਤੇ ਇਸ ਉੱਤੇ ਸਮੁੱਚੇ ਸਮੂਹਿਕ ਰੂਪ ਵਿੱਚ ਫੈਸਲਾਕੁੰਨ ਸੰਘਰਸ਼ ਕਰਨ ਦੇ ਮੁੱਦੇ ਉੱਤੇ ਸਮੁੱਚਾ ਖਾਲਸਾ ਪੰਥ ਨੂੰ ਜਿੱਥੇ ਇਕੱਤਰ ਹੋਣ ਵਿੱਚ ਵੱਡੀ ਅਗਵਾਈ ਮਿਲੇਗੀ, ਉੱਥੇ ਅਸੀਂ ਸੰਸਾਰ ਪੱਧਰ ਤੇ ਗੁਰੂ ਸਾਹਿਬਾਨ ਜੀ ਦੀ ਮਨੁੱਖਤਾ ਪੱਖੀ ਸੋਚ ਨੂੰ ਪ੍ਰਚਾਰ ਤੇ ਪ੍ਰਸਾਰ ਕਰਨ ਵਿੱਚ ਜਿੰਮੇਵਾਰੀ ਨਿਭਾਅ ਸਕਾਂਗੇ। ਸਾਨੂੰ ਇਸ ਗੱਲ ਦਾ ਦੁੱਖ ਹੈ ਕਿ ਸ੍ਰੀ ਆਨੰਦਪੁਰ ਸਾਹਿਬ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਦਿਹਾੜੇ ਦੇ ਸਮਾਗਮ ਉੱਤੇ ਸ. ਸੁਖਬੀਰ ਸਿੰਘ ਬਾਦਲ ਦੀ ਗੈਰ ਹਾਜਰੀ ਵੀ ਪ੍ਰਤੱਖ ਕਰਦੀ ਹੈ ਕਿ ਪੰਥਕ ਸੋਚ ਅਤੇ ਪੰਥਕ ਏਕਤਾ ਦੇ ਰਾਹ ਵਿੱਚ ਕਿਤੇ ਨਾ ਕਿਤੇ ਇਨ੍ਹਾਂ ਦੇ ਸਵਾਰਥੀ ਹਿੱਤ ਰੁਕਾਵਟ ਬਣ ਰਹੇ ਹਨ। ਜੱਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਵੀ ਉੱਥੇ ਹਾਜਰ ਸਨ ਜਿਨ੍ਹਾਂ ਨੂੰ ਅਜਿਹੇ ਮੁੱਦਿਆਂ ਉੱਤੇ ਗੰਭੀਰ ਨੋਟਿਸ ਲੈਣਾ ਚਾਹੀਦਾ ਹੈ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੀ ਸਰਬ ਉੱਚ ਸੰਸਥਾਂ ਦੀ ਅਗਵਾਈ ਹੇਠ ਸਮੁੱਚੇ ਖਾਲਸਾ ਪੰਥ ਦੀ ਕੌਮੀ ਅਤੇ ਪੰਜਾਬ ਸੂਬੇ ਦੀ ਬਿਹਤਰੀ ਲਈ ਸਮੁੱਚੀ ਏਕਤਾ ਨੂੰ ਬਲ ਦੇਣ ਲਈ ਯਤਨ ਆਰੰਭਣੇ ਹੋਣਗੇ ਤਾਂ ਕਿ ਕੋਈ ਵੀ ਪੰਥਕ ਧਿਰ ਪੰਜਾਬ ਤੇ ਸਿੱਖ ਕੌਮ ਦੇ ਵੱਡੇਰੇ ਹਿੱਤਾਂ ਨੂੰ ਨਜ਼ਰਅੰਦਾਜ ਕਰਕੇ ਆਪਣੀਆਂ ਸਿਆਸੀ ਗਿਣਤੀਆਂ-ਮਿਣਤੀਆਂ ਵਿੱਚ ਉਲਝ ਕੇ ਸੂਬੇ ਅਤੇ ਕੌਮ ਦਾ ਕੋਈ ਨੁਕਸਾਨ ਨਾ ਕਰ ਸਕੇ। ਉਨ੍ਹਾਂ ਉਮੀਦ ਪ੍ਰਗਟ ਕੀਤੀ ਕਿ ਜੱਥੇਦਾਰ ਸਾਹਿਬ ਅਤੇ ਸਮੁੱਚੀਆਂ ਪੰਥਕ ਧਿਰਾਂ, ਪੰਥਕ ਲੀਡਰਸ਼ਿਪ ਅਤੇ ਸਾਡੀਆਂ ਸਿੱਖੀ ਸੰਸਥਾਵਾਂ ਤੇ ਬਿਰਾਜਮਾਨ ਸਖਸ਼ੀਅਤਾਂ, ਬੁੱਧੀਜੀਵੀ, ਵਿਦਵਾਨ ਸਭ ਸਹੀ ਸੋਚ ਅਤੇ ਮੁੱਦਿਆਂ ਤੇ ਅਧਾਰਿਤ ਜਿੱਥੇ ਪੰਥਕ ਏਕਤਾ ਨੂੰ ਅੱਗੇ ਵਧਾਉਣ ਵਿੱਚ ਯੋਗਦਾਨ ਪਾਉਣਗੇ, ਉੱਥੇ ਲੰਮੇ ਸਮੇਂ ਤੋਂ ਹੱਲ ਨਾ ਹੋਣ ਵਾਲੇ ਮਸਲਿਆਂ ਨੂੰ ਵੀ ਦੂਰ ਅੰਦੇਸੀ ਨਾਲ ਸੁਲਝਾਉਣ ਲਈ ਆਪਣੀਆਂ ਕੌਮੀ ਤੇ ਸਮਾਜਿਕ ਜਿੰਮੇਵਾਰੀਆਂ ਪੂਰਨ ਕਰਨਗੇ।

ਡੀ.ਜੀ.ਪੀ ਗੌਰਵ ਯਾਦਵ ਵੱਲੋਂ 324 ਪੁਲਿਸ ਮੁਕਾਬਲਿਆਂ ਵਿੱਚ ਮਾਰੇ ਜਾਣ ਵਾਲੇ ਇਨਸਾਨਾਂ ਵਿੱਚੋਂ ਸਿੱਖ ਤੇ ਪੰਜਾਬੀ ਕਿੰਨੇ ਹਨ, ਜਾਣਕਾਰੀ ਦਿੱਤੀ ਜਾਵੇ?: ਮਾਨ

ਫ਼ਤਹਿਗੜ੍ਹ ਸਾਹਿਬ, 28 ਨਵੰਬਰ 2025- "ਪੰਜਾਬ ਦੇ ਡੀ.ਜੀ.ਪੀ ਸ੍ਰੀ ਗੌਰਵ ਯਾਦਵ ਜਦੋਂ ਜਨਤਕ ਤੌਰ ਤੇ ਇਹ ਪ੍ਰਵਾਨ ਕਰ ਰਹੇ ਹਨ ਕਿ ਬੀਤੇ ਸਾਢੇ 3 ਸਾਲਾਂ ਵਿੱਚ 324 ਪੁਲਿਸ ਮੁਕਾਬਲਿਆਂ ਵਿੱਚ ਮਾਰੇ ਗਏ ਹਨ, ਤਾਂ ਇਸ ਤੋਂ ਇਹ ਵੀ ਪ੍ਰਤੱਖ ਹੋ ਜਾਂਦਾ ਹੈ ਕਿ ਇਸ ਗੈਰ ਕਾਨੂੰਨੀ ਪੁਲਿਸ ਵੱਲੋਂ ਕੀਤੇ ਗਏ ਅਮਲਾਂ ਵਿਰੁੱਧ ਇੱਥੋਂ ਦੀ ਸੁਪਰੀਮ ਕੋਰਟ, ਹਾਈਕੋਰਟਾਂ, ਮਨੁੱਖੀ ਅਧਿਕਾਰ ਸੰਗਠਨ

ਅੰਕ 9 ਨਵੰਬਰ 2025
ਮੈਗਜ਼ੀਨ
ਬਾਗ਼ੀ
ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ)
ਸੰਪਾਦਕ-ਰਸ਼ਪਿੰਦਰ ਕੌਰ ਗਿੱਲ

ਅਤੇ ਕੌਮਾਂਤਰੀ ਪੱਧਰ ਦੀਆਂ ਜੱਥੇਬੰਦੀਆਂ ਨਿਰਪੱਖਤਾ ਨਾਲ ਜਾਂਚ ਕਰਵਾਉਣ ਦੀ ਆਵਾਜ ਕਿਉਂ ਨਹੀਂ ਉਠਾ ਰਹੀਆਂ ਹਨ? ਦੂਸਰਾ ਸਾਨੂੰ ਇਹ ਵੀ ਜਾਣਕਾਰੀ ਦਿੱਤੀ ਜਾਵੇ ਕਿ ਇਨ੍ਹਾਂ 324 ਪੁਲਿਸ ਮੁਕਾਬਲਿਆਂ ਵਿੱਚ ਮਾਰੇ ਜਾਣ ਵਾਲਿਆਂ ਵਿੱਚ, ਸਿੱਖ, ਮੁਸਲਿਮ, ਇਸਾਈ, ਆਦਿਵਾਸੀ ਆਦਿ ਦਾ ਕੀ ਅੰਕੜਾ ਹੈ, ਉਸਦੇ ਵੇਰਵੇ ਤੋਂ ਸਿੱਖ ਕੌਮ ਤੇ ਸਮੁੱਚੇ ਮੁਲਕ ਨੂੰ ਇਸੇ ਤਰ੍ਹਾਂ ਜਨਤਕ ਜਾਣਕਾਰੀ ਦਿੱਤੀ ਜਾਵੇ।" ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਡੀ.ਜੀ.ਪੀ ਪੰਜਾਬ ਵੱਲੋਂ ਪੁਲਿਸ ਮੁਕਾਬਲਿਆਂ ਵਿੱਚ ਮਾਰੇ ਗਏ ਨਾਗਰਿਕਾਂ ਦੇ ਆਏ ਜਨਤਕ ਬਿਆਨ ਉਪਰੰਤ ਕਿਸ-ਕਿਸ ਕੌਮ ਦੇ ਕਿੰਨੇ-ਕਿੰਨੇ ਬੰਦੇ, ਕਿੱਥੇ ਅਤੇ ਕਿਉਂ ਮਾਰੇ ਗਏ ਦੀ ਗੱਲ ਕਰਦੇ ਹੋਏ ਪ੍ਰਗਟ ਕੀਤੇ। ਉਨ੍ਹਾਂ ਕਿਹਾ ਕਿ ਅਜਿਹੇ ਅਮਲ ਇਹ ਵੀ ਪ੍ਰਤੱਖ ਕਰਦੇ ਹਨ ਕਿ ਪੁਲਿਸ, ਸੀ.ਆਰ.ਪੀ.ਐਫ, ਬੀ.ਐਸ.ਐਫ ਅਤੇ ਹੋਰ ਅਰਧ ਸੈਨਿਕ ਬਲਾਂ ਵੱਲੋਂ ਤਾਨਾਸ਼ਾਹੀ ਸੋਚ ਅਧੀਨ ਹੁਕਮਰਾਨਾਂ ਦੀ ਸਹਿ ਉੱਤੇ ਇਹ ਗੈਰ ਵਿਧਾਨਿਕ ਤੇ ਗੈਰ ਇਨਸਾਨੀਅਤ ਅਮਲ ਨਿਰੰਤਰ ਫੋਰਸਾਂ ਵੱਲੋਂ (ਐਕਸਟਰਾਂ ਜੁਡੀਸ਼ੀਅਲ ਕਲਿੰਗਜ) ਕੀਤੀਆਂ ਜਾਂਦੀਆਂ ਆ ਰਹੀਆਂ ਹਨ। ਜਿਸਦੀ ਨਿਰਪੱਖਤਾ ਨਾਲ ਸੁਪਰੀਮ ਕੋਰਟ ਵੱਲੋਂ ਸੀਮਤ ਸਮੇਂ ਵਿੱਚ ਜਾਂਚ ਹੋਣੀ ਵੀ ਬਣਦੀ ਹੈ ਤਾਂ ਕਿ ਜਿਨ੍ਹਾਂ ਪੁਲਿਸ ਅਤੇ ਅਰਧ ਸੈਨਿਕ ਬਲਾਂ ਦੇ ਅਧਿਕਾਰੀਆਂ ਨੇ ਹੁਕਮਰਾਨਾਂ ਦੇ ਗੈਰ ਕਾਨੂੰਨੀ ਹੁਕਮਾਂ ਨੂੰ ਪ੍ਰਵਾਨ ਕਰਕੇ ਇਹ ਕਤਲੇਆਮ ਕੀਤਾ ਹੈ ਅਤੇ ਉਨ੍ਹਾਂ ਨੂੰ ਗ੍ਰਿਫਤਾਰ ਕਰਕੇ ਕੋਰਟਾਂ ਵਿੱਚ ਪੇਸ਼ ਕਰਨ ਦੇ ਅਮਲ ਨਹੀਂ ਕੀਤੇ, ਉਨ੍ਹਾਂ ਵਿਰੁੱਧ ਹਰ ਕੀਮਤ ਤੇ ਕਤਲ ਕੇਸ ਦਰਜ ਕਰਦੇ ਹੋਏ ਅਮਲ ਹੋ ਸਕੇ। ਉਨ੍ਹਾਂ ਕਿਹਾ ਕਿ ਕਾਮਰੇਡੀ ਸੋਚ ਨਾਲ ਸੰਬੰਧਤ ਸੀ.ਪੀ.ਆਈ, ਸੀ.ਪੀ.ਐਮ, ਸੀ.ਪੀ.ਐਮ.ਐਲ ਆਦਿ ਸੰਗਠਨਾਂ ਨੂੰ ਵੀ ਪਤਾ ਹੋਣਾ ਚਾਹੀਦਾ ਹੈ ਕਿ ਅਜਿਹੇ ਅਮਲ ਗੈਰ ਕਾਨੂੰਨੀ ਤੇ

ਗੈਰ ਇਨਸਾਨੀ ਹਨ। ਕਿਉਂਕਿ ਕੋਈ ਵੀ ਫੋਰਸ ਕਿਸੇ ਵੀ ਨਾਗਰਿਕ ਨੂੰ ਇਸ ਤਰ੍ਹਾਂ ਗੋਲੀਆਂ, ਬੰਦੂਕਾ ਨਾਲ ਖਤਮ ਕਰਨ ਦਾ ਕਾਨੂੰਨੀ, ਸਮਾਜਿਕ ਜਾਂ ਇਖਲਾਕੀ ਅਧਿਕਾਰ ਬਿਲਕੁਲ ਨਹੀਂ ਰੱਖਦੀ। ਇੱਥੇ ਇਹ ਵੀ ਵਰਨਣ ਕਰਨਾ ਜਰੂਰੀ ਹੈ ਕਿ ਸਿੱਖ ਕੌਮ ਘੱਟ ਗਿਣਤੀ ਕੌਮ ਹੈ, ਜੇਕਰ ਹੁਕਮਰਾਨਾਂ ਦੇ ਤਾਨਾਸ਼ਾਹੀ ਆਦੇਸ਼ਾਂ ਉੱਤੇ ਅਮਲ ਕਰਕੇ ਪੁਲਿਸ ਅਧਿਕਾਰੀ ਸਿੱਖਾਂ ਨੂੰ ਇਸ ਤਰ੍ਹਾਂ ਝੂਠੇ ਪੁਲਿਸ ਮੁਕਾਬਲਿਆਂ ਵਿੱਚ ਮਾਰਨ ਦਾ ਸਿਲਸਿਲਾ ਜਾਰੀ ਰੱਖਣਗੇ ਇਹ ਤਾਂ ਸਿੱਖਾਂ ਦੀ ਆਬਾਦੀ ਨੂੰ ਹੋਰ ਘੱਟ ਕਰਨ ਵਾਲੀ ਹਕੂਮਤੀ ਸਾਜਿਸ਼ ਹੈ। ਸ. ਮਾਨ ਨੇ ਉਪਰੋਕਤ ਝੂਠੇ ਪੁਲਿਸ ਮੁਕਾਬਲਿਆਂ ਵਿੱਚ ਮਾਰੇ ਜਾਣ ਵਾਲੇ ਨਾਗਰਿਕਾਂ ਦੇ ਗੰਭੀਰ ਮੁੱਦੇ ਉੱਤੇ ਸਿੱਖ ਕੌਮ ਦੇ ਤਖਤ ਸਾਹਿਬਾਨਾਂ ਤੇ ਬਿਰਾਜਮਾਨ ਜੱਥੇਦਾਰ ਸਾਹਿਬਾਨ, ਐਸ.ਜੀ.ਪੀ.ਸੀ ਦੀ ਸਿੱਖ ਪਾਰਲੀਮੈਂਟ ਦੇ ਪ੍ਰਧਾਨ, ਅਗਜੈਕਟਿਵ ਕਮੇਟੀ ਨੂੰ ਸੰਬੋਧਿਤ ਹੁੰਦੇ ਹੋਏ ਕਿਹਾ ਕਿ ਅਜਿਹੇ ਜ਼ਬਰ ਜੁਲਮ ਵਿਰੁੱਧ ਉਨ੍ਹਾਂ ਦੇ ਵੀ ਇਖਲਾਕੀ, ਸਮਾਜਿਕ ਤੇ ਕੌਮੀ ਫਰਜ ਬਣਦੇ ਹਨ ਕਿ ਉਹ ਇਸ ਗੰਭੀਰ ਵਿਸ਼ੇ ਤੇ ਆਵਾਜ ਉਠਾ ਕੇ ਸਿੱਖ ਕੌਮ ਨਾਲ ਹੋ ਰਹੇ ਹਕੂਮਤੀ ਜ਼ਬਰ ਜੁਲਮ ਨੂੰ ਰੋਕਣ ਦੀ ਜਿੰਮੇਵਾਰੀ ਨਿਭਾਉਣ ਦੇ ਨਾਲ-ਨਾਲ ਸਿੱਖਾਂ ਦੇ ਕਾਤਲਾਂ ਨੂੰ ਸਜਾਵਾਂ ਦਿਵਾਉਣ ਲਈ ਅੱਗੇ ਆਉਣ। ਇਹ ਫਰਜ ਕੇਵਲ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦਾ ਹੀ ਨਹੀਂ ਹੈ। ਇਨ੍ਹਾਂ ਪੰਥਕ ਜੱਥੇਬੰਦੀਆਂ ਨੂੰ ਵੀ ਆਪਣੇ ਫਰਜਾਂ, ਪੰਜਾਬ ਸੂਬੇ, ਪੰਜਾਬੀਆਂ ਤੇ ਸਿੱਖ ਕੌਮ ਨੂੰ ਦਰਪੇਸ਼ ਆ ਰਹੇ ਸਭ ਮਸਲਿਆਂ ਉੱਤੇ ਫੈਸਲਾਕੁੰਨ ਅਮਲ ਕਰਨਾ ਹੋਵੇਗਾ ਤਦ ਹੀ ਅਸੀਂ ਹੁਕਮਰਾਨਾਂ ਦੇ ਸਾਡੇ ਉੱਤੇ ਹੋ ਰਹੇ ਜਬਰ ਜੁਲਮਾਂ ਤੇ ਬੇ-ਇਨਸਾਫ਼ੀਆਂ ਦਾ ਖਾਤਮਾ ਕਰਨ ਵੱਲ ਵੱਧ ਸਕਾਂਗੇ। ਉਨ੍ਹਾਂ ਉਮੀਦ ਪ੍ਰਗਟ ਕੀਤੀ ਕਿ ਸਭ ਸੰਗਠਨ ਅਤੇ ਪੰਜਾਬ ਨਾਲ ਸੰਬੰਧਤ ਜੱਥੇਬੰਦੀਆਂ ਆਪਣੇ ਇਨ੍ਹਾਂ ਇਨਸਾਨੀ ਤੇ ਸੂਬੇ ਪ੍ਰਤੀ ਫਰਜਾਂ ਦੀ ਇਮਾਨਦਾਰੀ ਨਾਲ ਜਿੱਥੇ ਪੂਰਤੀ ਕਰਨਗੇ, ਉੱਥੇ ਸਮੁੱਚੀਆਂ ਪੰਥਕ ਜੱਥੇਬੰਦੀਆਂ ਆਪੋ ਆਪਣੇ ਨਿੱਜ ਸਵਾਰਥਾਂ ਤੋਂ ਉੱਪਰ ਉੱਠ ਕੇ ਪੰਜਾਬ ਸੂਬੇ ਤੇ ਸਿੱਖ ਕੌਮ ਦੇ ਮਸਲਿਆਂ ਨੂੰ ਹੱਲ ਕਰਵਾਉਣ ਵਿੱਚ ਆਪਣੀ ਬਣਦੀ ਭੂਮਿਕਾ ਨੂੰ ਹਰ ਕੀਮਤ ਤੇ ਪੂਰਨ ਕਰਨਗੀਆਂ।

ਐਚ.ਏ.ਐਲ ਕੰਪਨੀ ਵੱਲੋਂ ਪੰਜਾਬ ਵਿੱਚ ਯੂਨਿਟ ਸਥਾਪਿਤ ਕਰਨ ਦਾ ਉਸ ਸਮੇਂ ਤੱਕ ਕੋਈ ਫਾਇਦਾ ਨਹੀਂ ਜਦੋਂ ਤੱਕ ਇਨ੍ਹਾਂ ਜੈੱਟ ਇੰਜਣਾਂ ਦੇ ਇੱਥੇ ਮਾਹਰ ਹੀ ਨਹੀਂ ਹੋਣਗੇ: ਮਾਨ

ਫ਼ਤਹਿਗੜ੍ਹ ਸਾਹਿਬ, 29 ਨਵੰਬਰ 2025- "ਇੰਡੀਆ ਦੇ ਹੁਕਮਰਾਨ ਹਿੰਦੂਸਤਾਨ ਐਰੋਨੋਟੀਕਲ ਲਿਮਟਿਡ ਦੀ ਕੰਪਨੀ ਦਾ ਯੂਨਿਟ ਪੰਜਾਬ ਵਿੱਚ ਜਹਾਜ਼ਾਂ ਦੇ ਪੁਰਜੇ ਤਿਆਰ ਕਰਨ ਲਈ ਅਮਲ ਕਰਨ ਜਾ ਰਹੀ ਹੈ। ਜਦੋਂ ਕਿ ਇਨ੍ਹਾਂ ਨੂੰ ਅਮਰੀਕਾ, ਫਰਾਂਸ, ਰੂਸ ਆਦਿ ਮੁਲਕਾਂ ਤੋਂ ਪ੍ਰਾਪਤ ਕੀਤੇ ਗਏ ਜਹਾਜ ਤੇ ਉਨ੍ਹਾਂ ਦੇ ਇੰਜਣ ਤੇ ਪੁਰਜਿਆਂ ਦੀ ਸਹੀ ਜਾਣਕਾਰੀ ਹੀ ਨਹੀਂ। ਜੇਕਰ ਸਾਡੇ ਰਾਮਗੜੀਆ ਬਰਾਦਰੀ ਨੂੰ ਇਸ ਤੇਜਸ ਇੰਜਣ ਬਣਾਉਣ ਤੇ ਫੀਟਿੰਗ ਕਰਨ ਦੀ ਜਿੰਮੇਵਾਰੀ ਸੌਂਪੀ ਜਾਵੇ ਤਾਂ ਇਹ ਕਾਮਯਾਬੀ ਪ੍ਰਾਪਤ ਹੋ ਸਕਦੀ ਹੈ। ਇਹੀ ਵਜ੍ਹਾ ਹੈ ਕਿ ਸਮੇਂ-ਸਮੇਂ ਤੇ ਤੇਜਸ, ਚਿਨੂਕ, ਰੀਫੇਲ ਆਦਿ ਜਹਾਜ਼ ਇੰਡੀਆ ਤੇ ਪੰਜਾਬ ਵਿੱਚ

ਅੰਕ 9 ਨਵੰਬਰ 2025

ਮੈਗਜ਼ੀਨ

ਬਾਗ਼ੀ

ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ)

ਸੰਪਾਦਕ-ਰਸ਼ਪਿੰਦਰ ਕੌਰ ਗਿੱਲ

ਹਾਦਸਾਗ੍ਰਸਤ ਹੋ ਰਹੇ ਹਨ। ਇੰਡੀਆ ਦੇ ਸਾਇੰਸਦਾਨ ਅਤੇ ਜਹਾਜ ਦੇ ਇੰਜਣ ਬਣਾਉਣ ਵਾਲੇ ਇੰਜਨੀਅਰ ਕੌਮਾਂਤਰੀ ਪੱਧਰ ਦੇ ਅਤੇ ਜੈੱਟ ਇੰਜਣ ਆਦਿ ਹੀ ਨਹੀਂ ਬਣਾ ਸਕੇ। ਦੁਬਈ ਵਿੱਚ ਤੇਜਸ ਜਹਾਜ ਦਾ ਹਾਦਸਾਗ੍ਰਸਤ ਹੋਣਾ ਤੇ ਤੁਜਰਬੇਕਾਰ ਪਾਇਲਟ ਦਾ ਮੌਤ ਦੇ ਮੂੰਹ ਵਿੱਚ ਚਲੇ ਜਾਣਾ ਇਸ ਗੱਲ ਦਾ ਪ੍ਰਤੱਖ ਪ੍ਰਮਾਣ ਹਨ। ਇਨ੍ਹਾਂ ਨੇ ਕਿਤੇ ਨਾ ਕਿਤੇ ਵੱਡੀ ਲਾਹਪ੍ਰਵਾਹੀ ਵਰਤੀ ਹੈ ਜਾਂ ਫਿਰ ਇੰਜਣ ਦੀ ਫੀਟਿੰਗ ਕਰਦੇ ਸਮੇਂ ਅਣਗਹਿਲੀ ਹੋਈ ਹੈ। ਜੋ ਦੁਬਈ ਵਿੱਚ ਤੇਜਸ ਜਹਾਜ ਹਾਦਸਾਗ੍ਰਸਤ ਹੋਇਆ ਹੈ ਉਸ ਨਾਲ ਅਮਰੀਕਾ ਵਰਗੇ ਵੱਡੇ ਮੁਲਕ ਦੀ ਬਦਨਾਮੀ ਹੋਈ ਹੈ। ਇਸ ਲਈ ਅਮਰੀਕਾ ਨੂੰ ਵੀ ਚਾਹੀਦਾ ਹੈ ਕਿ ਉਹ ਇਸ ਗੱਲ ਦੀ ਜਾਂਚ ਕਰੇ ਕਿ ਇਨ੍ਹਾਂ ਕੋਲ ਤੁਜਰਬੇਕਾਰ ਇੰਜਨੀਅਰ, ਸਾਇੰਸਦਾਨ ਨਹੀਂ ਹਨ ਅਤੇ ਇਸਦੇ ਨਾਲ ਹੀ ਅਮਰੀਕਨ ਇੰਜਨੀਅਰਾਂ ਨੂੰ ਵੀ ਇੱਥੇ ਆ ਕੇ ਦੇਖਣਾ ਚਾਹੀਦਾ ਹੈ ਕਿ ਇਸ ਇੰਜਣ ਦੀ ਫੀਟਿੰਗ ਸਹੀ ਢੰਗ ਨਾਲ ਹੋਈ ਹੈ ਜਾਂ ਨਹੀਂ। ਜੋ ਇੰਡੀਆ ਅਮਰੀਕਾ ਤੋਂ ਜੀ.ਈ ਐਫ 404 ਇੰਜਣ ਮੰਗ ਰਹੇ ਹਨ ਜਾਂ ਹੋਰ ਆਧੁਨਿਕ ਤਕਨੀਕ ਮੰਗ ਰਿਹਾ ਹੈ ਉਸਦਾ ਵਿਚਾਰ ਕਰਨ ਕਿ ਇਨ੍ਹਾਂ ਨੂੰ ਇਹ ਇੰਜਣ ਦੇਣੇ ਚਾਹੀਦੇ ਹਨ ਜਾਂ ਨਹੀਂ?" ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਬੀਤੇ ਕੁਝ ਸਮੇਂ ਤੋਂ ਇੰਡੀਆ ਵਿੱਚ ਵੱਖ-ਵੱਖ ਤੇਜਸ, ਰੀਫੇਲ, ਚਿਨੂਕ ਆਦਿ ਜਹਾਜ਼ਾਂ ਦੇ ਵਾਰ-ਵਾਰ ਹਾਦਸਾਗ੍ਰਸਤ ਹੋਣ ਉੱਤੇ ਅਤੇ ਇੰਡੀਆ ਦੇ ਸਾਇੰਸਦਾਨਾਂ ਤੇ ਇੰਜਨੀਅਰਾਂ ਨੂੰ ਇਨ੍ਹਾਂ ਜਹਾਜ਼ਾਂ ਤੇ ਇੰਜਣਾਂ ਦੀ ਜਾਣਕਾਰੀ ਨਾ ਹੋਣ ਉੱਤੇ ਪ੍ਰਤੀਕਰਮ ਜਾਹਰ ਕਰਦੇ ਹੋਏ ਅਤੇ ਇਨ੍ਹਾਂ ਹੋਏ ਹਾਦਸਿਆਂ ਦੀ ਸੰਬੰਧਤ ਮੁਲਕਾਂ ਤੇ ਕੌਮਾਂਤਰੀ ਜਾਂਚ ਏਜੰਸੀਆਂ ਤੋਂ ਜਾਂਚ ਕਰਵਾਉਣ ਦੀ ਮੰਗ ਕਰਦੇ ਹੋਏ ਪ੍ਰਗਟ ਕੀਤੇ। ਹੁਣ ਜਦੋਂ ਰੂਸ ਦੇ ਪ੍ਰੈਜੀਡੈਂਟ ਸ੍ਰੀ ਪੁਤਿਨ ਇੰਡੀਆ ਦੌਰੇ ਤੇ ਆ ਰਹੇ ਹਨ, ਉਨ੍ਹਾਂ ਕੋਲ ਇਹ ਗੰਭੀਰ ਪ੍ਰਸ਼ਨ ਉਠਾਉਣਾ ਬਣਦਾ ਹੈ ਕਿ ਯੂਕਰੇਨ-ਰੂਸ ਦੀ ਜੰਗ ਵਿੱਚ ਜੋ ਮੋਦੀ ਵੱਲੋਂ ਸਿੱਖਾਂ ਨੂੰ ਭੇਜਿਆ ਜਾ ਰਿਹਾ ਹੈ ਉਨ੍ਹਾਂ ਨੂੰ ਤੁਰੰਤ ਵਾਪਸ ਬੁਲਾਉਣ ਦਾ ਪ੍ਰਬੰਧ ਕਰਨ ਕਿਉਂਕਿ ਸਿੱਖ ਕੌਮ ਮਨੁੱਖਤਾ ਦਾ ਕਤਲੇਆਮ ਤੇ ਅਜਾਈ ਖੂਨ ਵਹਾਉਣ ਦੇ ਵਿਰੁੱਧ ਹੈ। ਸਿੱਖਾਂ ਨੂੰ ਅਜਿਹੀਆਂ ਵਿੱਚ ਦੁਰਵਰਤੋਂ ਕਰਕੇ ਕੌਮਾਂਤਰੀ ਪੱਧਰ ਤੇ ਕੌਮੀ ਬਦਨਾਮੀ ਨਹੀਂ ਹੋਣੀ ਚਾਹੀਦੀ। ਦੂਸਰਾ ਜੋ ਸ੍ਰੀ ਟਰੰਪ ਵੱਲੋਂ ਯੂਕਰੇਨ-ਰੂਸ ਦਾ ਸਮਝੌਤਾ ਕਰਵਾਇਆ ਜਾ ਰਿਹਾ ਹੈ, ਉਹ ਚੰਗੀ ਗੱਲ ਹੈ। ਉਸ ਅਨੁਸਾਰ ਜੋ ਰੂਸ ਨੇ ਯੂਕਰੇਨ ਦਾ ਵੱਡਾ ਖੇਤਰਫਲ ਜੰਗ ਦੌਰਾਨ ਕਬਜੇ ਵਿੱਚ ਕੀਤਾ ਹੈ ਉਹ ਵੀ ਸ੍ਰੀ ਟਰੰਪ ਵੱਲੋਂ ਯੂਕਰੇਨ ਨੂੰ ਵਾਪਸ ਦਿਵਾਉਣਾ ਬਣਦਾ ਹੈ ਕਿਉਂਕਿ ਰੂਸ ਕੋਲ ਪਹਿਲੋਂ ਹੀ ਬਹੁਤ ਵੱਡਾ ਖੇਤਰਫਲ ਹੈ। ਫਿਰ ਇਹ ਕੌਮਾਂਤਰੀ ਜੰਗੀ ਕਾਨੂੰਨਾਂ ਦੇ ਵਿਰੁੱਧ ਹੈ। ਸ੍ਰੀ ਮੋਦੀ ਨੂੰ ਸ੍ਰੀ ਪੁਤਿਨ ਦੀ ਯਾਤਰਾ ਦੌਰਾਨ ਪੁੱਛਣਾ ਚਾਹੀਦਾ ਹੈ ਕਿ ਉਹ ਇੰਡੀਆ ਨੂੰ ਐਸ.ਯੂ 35 ਤੇ ਐਸ.ਯੂ 57 ਦੇਣਗੇ? ਇਹ ਵੀ ਸ੍ਰੀ ਪੁਤਿਨ ਯਕੀਨੀ ਬਣਾਉਣ ਕਿ ਜੋ ਰੂਸ ਤੋਂ ਇੰਡੀਆ ਨੂੰ ਸਸਤੇ ਭਾਅ ਤੇਲ ਦੀ ਸਪਲਾਈ ਹੋ ਰਹੀ ਹੈ ਉਸੇ ਰੇਟ ਉੱਤੇ ਇੰਡੀਆ ਵਿੱਚ ਖਪਤਕਾਰਾਂ ਨੂੰ ਇਹ ਤੇਲ ਦੀ ਸਪਲਾਈ ਹੋਵੇ ਜਦੋਂ ਕਿ ਇੰਡੀਆ ਵਿੱਚ ਅੱਜ ਵੀ ਵੱਧ ਕੀਮਤਾਂ ਤੇ ਤੇਲ ਸਪਲਾਈ ਹੋ ਰਿਹਾ ਹੈ। ਸ਼ੁਕਰ ਹੈ ਕਿ ਇੰਡੀਆ ਦੇ ਪ੍ਰੈਜੀਡੈਂਟ ਆਪਣੀ ਯਾਤਰਾ ਸਮੇਂ ਤੇਜਸ ਵਿੱਚ ਨਹੀਂ ਗਏ ਜੋ ਕਿ ਕੁਦਰਤ ਵੱਲੋਂ ਉਨ੍ਹਾਂ ਦਾ ਬਚਾਅ ਹੋ ਗਿਆ, ਕਿਉਂਕਿ ਉਹ ਰੀਫੇਲ ਵਿੱਚ ਗਏ ਹਨ।

ਡਾ. ਉਮਰ ਅਬਦੁੱਲਾ ਜੇਕਰ ਕਸ਼ਮੀਰੀਆਂ ਦੇ ਹੱਕਾਂ ਦੀ ਰਾਖੀ ਨਾ ਕਰ ਸਕੇ ਤਾਂ ਸਾਨੂੰ ਸਿੱਖਾਂ ਨੂੰ ਕਸ਼ਮੀਰ ਆਉਣਾ ਹੀ ਪਵੇਗਾ: ਮਾਨ

ਫ਼ਤਿਹਗੜ੍ਹ ਸਾਹਿਬ, 29 ਨਵੰਬਰ 2025- "2019 ਵਿੱਚ ਸ੍ਰੀ ਮੋਦੀ ਦੀ ਬੀ.ਜੇ.ਪੀ-ਆਰ.ਐਸ.ਐਸ ਹਕੂਮਤ ਨੇ ਮੁਤੱਸਵੀ ਸੋਚ ਤੇ ਮੰਦਭਾਵਨਾ ਅਧੀਨ ਕਸ਼ਮੀਰੀਆਂ ਦੀ ਖੁਦਮੁਖਤਿਆਰੀ ਨੂੰ ਕਾਇਮ ਰੱਖਣ ਵਾਲੀ ਵਿਧਾਨ ਦੀ ਧਾਰਾ 370 ਅਤੇ 35ਏ ਨੂੰ ਰੱਦ ਕਰਕੇ ਉਨ੍ਹਾਂ ਨਾਲ ਬਹੁਤ ਵੱਡਾ ਧ੍ਰੋਹ ਕਮਾਇਆ। ਜਦੋਂ ਕਿ ਉਪਰੋਕਤ ਧਾਰਾਵਾਂ ਕਸ਼ਮੀਰ ਤੇ ਕਸ਼ਮੀਰੀਆਂ ਨੂੰ ਪੂਰਨ ਰੂਪ ਵਿੱਚ ਆਜਾਦੀ ਪ੍ਰਦਾਨ ਕਰਦੀਆਂ ਸਨ। ਹੁਣ ਇਨ੍ਹਾਂ ਨੇ ਉਸ ਨੂੰ ਯੂ.ਟੀ ਬਣਾ ਦਿੱਤਾ ਹੈ ਅਤੇ ਅਫਸਪਾ ਵਰਗਾਂ ਕਾਲਾ ਕਾਨੂੰਨ ਲਾਗੂ ਕਰਕੇ ਕਸ਼ਮੀਰੀਆਂ ਉੱਤੇ ਨਿਰੰਤਰ ਕੇਵਲ ਜ਼ਬਰ ਜੁਲਮ ਹੀ ਨਹੀਂ ਢਾਹਿਆ ਜਾ ਰਿਹਾ ਬਲਕਿ ਉੱਥੋਂ ਦੇ ਲੈਫ. ਗਵਰਨਰ ਮਨੋਜ ਸਿਨ੍ਹਾ ਕਸ਼ਮੀਰੀਆਂ ਦੇ ਮਿਹਨਤਾ ਨਾਲ ਬਣਾਏ ਗਏ ਘਰਾਂ ਨੂੰ ਵੀ ਜ਼ਬਰੀ ਢਾਹ ਰਹੇ ਹਨ ਅਤੇ ਉਨ੍ਹਾਂ ਦੇ ਘਰਾਂ ਵਿੱਚ ਗੈਰ ਵਿਧਾਨਿਕ ਢੰਗ ਨਾਲ ਛਾਪੇ ਮਾਰ ਕੇ ਕਸ਼ਮੀਰੀ ਪਰਿਵਾਰਾਂ ਵਿੱਚ ਦਹਿਸ਼ਤ ਪੈਦਾ ਕਰ ਰਹੇ ਹਨ। ਇਸ ਕਾਨੂੰਨ ਅਧੀਨ ਕਿਸੇ ਵੀ ਕਸ਼ਮੀਰੀ ਨਾਗਰਿਕ ਨੂੰ ਜਬਰੀ ਚੁੱਕ ਕੇ ਲਿਜਾਇਆ ਜਾ ਸਕਦਾ ਹੈ, ਤਸ਼ਦੱਦ ਕੀਤਾ ਜਾ ਸਕਦਾ ਹੈ, ਉਸ ਨਾਲ ਜ਼ਬਰ-ਜਨਾਹ ਕੀਤਾ ਜਾ ਸਕਦਾ ਹੈ, ਉਸਦੀ ਲੱਤ-ਬਾਂਹ ਤੋੜੀ ਜਾ ਸਕਦੀ ਹੈ ਅਤੇ ਉਸ ਨੂੰ ਸਰੀਰਕ ਤੌਰ ਤੇ ਖਤਮ ਵੀ ਕੀਤਾ ਜਾ ਸਕਦਾ ਹੈ। ਇਹ ਹੋਰ ਵੀ ਦੁੱਖਦਾਇਕ

ਵਰਤਾਰਾ ਹੋ ਰਿਹਾ ਹੈ ਕਿ ਇਸ ਹੋ ਰਹੇ ਜ਼ਬਰ ਵਿਰੁੱਧ ਇੰਡੀਆ ਦੀ ਸੁਪਰੀਮ ਕੋਰਟ ਕੰਨਾਂ ਵਿੱਚ ਰੂੰ ਪਾ ਕੇ ਅਤੇ ਅੱਖਾਂ ਤੇ ਪੱਟੀ ਬੰਨ ਕੇ ਸੁੱਤੀ ਪਈ ਹੈ। ਇਸ ਹੋ ਰਹੇ ਜ਼ਬਰ ਅਤੇ ਗੈਰ ਵਿਧਾਨਿਕ ਬੇ-ਇਨਸਾਫ਼ੀਆਂ ਵਿਰੁੱਧ ਮੁਸਲਿਮ ਮੁਲਕਾਂ ਦੀ ਸੰਸਥਾ ਓ.ਆਈ.ਸੀ ਨੂੰ ਤੁਰੰਤ ਸਖਤ ਨੋਟਿਸ ਲੈਣਾ ਚਾਹੀਦਾ ਹੈ ਤਾਂ ਕਿ ਇਹ ਜਾਬਰ ਹੁਕਮਰਾਨ ਕਸ਼ਮੀਰੀਆਂ ਉੱਤੇ ਜ਼ਬਰ ਢਾਹੁਣ ਦੀ ਗੁਸਤਾਖੀ ਨਾ ਕਰ ਸਕਣ।" ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਕਸ਼ਮੀਰ ਵਿੱਚ ਹਿੰਦੂਤਵ ਹੁਕਮਰਾਨਾਂ ਵੱਲੋਂ ਪਹਿਲੇ ਉਨ੍ਹਾਂ ਦੀ ਖੁਦਮੁਖਤਿਆਰੀ ਨੂੰ ਭੰਗ ਕਰਨ, ਫਿਰ ਜੰਮੂ ਕਸ਼ਮੀਰ ਨੂੰ ਯੂ.ਟੀ ਐਲਾਨਣ ਅਤੇ ਹੁਣ ਅਫਸਪਾ ਵਰਗੇ ਕਾਲੇ ਕਾਨੂੰਨਾਂ ਰਾਹੀ ਉਨ੍ਹਾਂ ਤੇ ਜ਼ਬਰ ਢਾਹੁਣ ਤੇ ਉੱਥੋਂ ਦੇ ਲੈਫ. ਗਵਰਨਰ ਸਿਨ੍ਹਾ ਵੱਲੋਂ

ਕਸ਼ਮੀਰੀਆਂ ਦੇ ਗੈਰ ਵਿਧਾਨਿਕ ਢੰਗ ਰਾਹੀਂ ਘਰ ਢਾਹ ਕੇ ਅਤੇ ਕਸ਼ਮੀਰੀਆਂ ਦੇ ਘਰਾਂ ਵਿੱਚ ਛਾਪੇ ਮਾਰ ਕੇ ਦਹਿਸ਼ਤ ਉਤਪੰਨ ਕਰਨ ਦੇ ਕੀਤੇ ਜਾ ਰਹੇ ਜਬਰ ਵਿਰੁੱਧ ਜੋਰਦਾਰ ਢੰਗ ਨਾਲ ਆਵਾਜ਼ ਉਠਾਉਂਦੇ ਹੋਏ ਅਤੇ ਓ.ਆਈ.ਸੀ ਨੂੰ ਇਸ ਵਿਰੁੱਧ ਫੌਰੀ ਕੌਮਾਂਤਰੀ ਪੱਧਰ ਤੇ ਅਮਲ ਕਰਨ ਦੀ ਅਪੀਲ ਕਰਦੇ ਹੋਏ ਪ੍ਰਗਟ ਕੀਤੇ। ਉਨ੍ਹਾਂ ਇਸ ਗੱਲ ਉੱਤੇ ਗਹਿਰਾ ਦੁੱਖ ਪ੍ਰਗਟ ਕੀਤਾ ਕਿ ਜੋ ਕਸ਼ਮੀਰ ਦੇ ਮੁੱਖ ਮੰਤਰੀ ਡਾ. ਉਮਰ ਅਬਦੁੱਲਾ ਹਨ, ਉਹ ਇਸ ਗੰਭੀਰ ਵਿਸ਼ੇ ਤੇ ਬਹੁਤ ਹੀ ਕੰਮਜ਼ੋਰ ਸਾਬਤ ਹੋਏ ਹਨ। ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਤੇ ਸਿੱਖ ਕੌਮ ਉਨ੍ਹਾਂ ਨੂੰ ਇਹ ਗੁਜਾਰਿਸ਼ ਕਰਨੀ ਚਾਹੇਗੀ ਕਿ ਉਹ ਕਸ਼ਮੀਰੀਆਂ ਦੇ ਹੁਕਮਰਾਨਾਂ ਵੱਲੋਂ ਅਤੇ ਅਰਧ ਸੈਨਿਕ ਬਲਾਂ ਵੱਲੋਂ ਕੁੱਚਲੇ ਜਾ ਰਹੇ ਵਿਧਾਨਿਕ, ਸਮਾਜਿਕ, ਭੂਗੋਲਿਕ ਅਤੇ ਇਖਲਾਕੀ ਹੱਕਾਂ ਦੀ ਰੱਖਿਆ ਕਰਨ ਦੇ ਅਮਲ ਕਰਨ। ਜੇਕਰ ਉਨ੍ਹਾਂ ਨੇ ਇਹ ਆਪਣੀ ਕਸ਼ਮੀਰ ਪ੍ਰਤੀ ਸੰਜੀਦਗੀ ਨਾਲ ਜਿੰਮੇਵਾਰੀ ਨਾ ਨਿਭਾਈ ਤਾਂ ਸਿੱਖ ਕੌਮ ਤੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੂੰ ਕਸ਼ਮੀਰੀਆਂ ਉੱਤੇ ਹੋ ਰਹੇ ਜ਼ਬਰ ਨੂੰ ਰੋਕਣ ਲਈ ਹਰ ਕੀਮਤ ਤੇ ਕਸ਼ਮੀਰ ਆਉਣਾ ਪਵੇਗਾ।

ਨਵੰਬਰ 2025 ਅੰਕ 9

ਬਾਰ਼ੀ ਮੈਗਜ਼ੀਨ

ਸੰਪਾਦਕ-ਰਸ਼ਪਿੰਦਰ ਕੌਰ ਗਿੱਲ

ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ)